
**Posting Date**
01 ਜਨਵਰੀ 2016

# ਅੰਮ੍ਰਿਤ ਕੀਰਤਨ

## ਜਨਵਰੀ 2016




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਮੰਗਲਵਾਰ
# 'ਸਭ ਕੁਝ ਹੋਵਸੀ ਪਰ ਮੈਂ ਵੇਖਣਾ ਨਹੀਂ'

ਮੰਗਲਵਾਰ ਚੜ੍ਹਿਆ ਖੁਸ਼ ਪਰਿਵਾਰ ਹੋਇਆ,
ਨਾਲ ਖੁਸ਼ੀ ਦੇ ਆਪੂੰ ਚਿਤਾਵੰਦਾ ਹਾਂ।
ਨਾਲ ਤੇਰੀ ਅਸੀਸ ਪ੍ਰਫੁਲਿੱਤ ਹੋਇਆ,
ਆਕੇ ਦੇਖ ਕੀ ਸੱਦ ਅਖਵਾਵਦਾਂ ਹਾਂ।
'ਸਭ ਕੁਝ ਹੋਵਸੀ ਪਰ ਮੈਂ ਵੇਖਣਾ ਨਹੀਂ',
ਅਸੀਸ ਆਪ ਦੀ ਦਸ ਦਸਾਵਦਾਂ ਹਾਂ।
ਕਿਹਾ ਆਪ ਦਾ ਰੱਬ ਨੇ ਪੂਰਿਆ ਏ,
ਦਿੱਤਾ ਸਭ ਕੁੱਝ ਉਹਨੂੰ ਮੰਨਾਵਦਾਂ ਹਾਂ।
ਜਿਤਨਾ ਰੱਬ ਸੱਚਾ ਮਿਹਰਬਾਨ ਹੋਇਆ,
ਸ਼ੁਕਰ ਉਸਦਾ ਲੱਖ ਮੰਨਾਵਦਾ ਹਾਂ।
ਕਦੇ ਆਕੇ ਤੁਸਾਂ ਤਾਂ ਦੇਖਣਾ ਨਹੀਂ,
ਹੇਠਾਂ ਲਿਖਦਾ ਲੇਖ ਲਿਖਾਵਦਾਂ ਹਾਂ।
ਸੁਹਣਾ ਖਿੜਿਆ ਦੇਖ ਪਰਿਵਾਰ ਆਪਣਾ,
ਪੁੱਤ ਪੋਤਰੇ ਨੂੰਹਾਂ ਜਤਾਵੰਦਾ ਹਾਂ।
ਜਵਾਈ ਧੀਆਂ ਭੀ ਵਸਣ ਖੁਸ਼ਹਾਲ ਸਾਰੇ,
ਦੋਹਤੀ ਦੋਹਤੇ ਪੋਤਿਆਂ ਸੁਣਾਵਦਾਂ ਹਾਂ।
ਸਭ ਤਾਂਈਂ ਹੈ ਗਲੇ ਲਗਾ ਲੀਤਾ,
ਗਹਿਮਾ ਗਹਿਮ ਹੈ ਹੋਈ ਅਲਾਵੰਦਾ ਹਾਂ।
ਸੱਧਰ ਆਪ ਨੂੰ ਕੋਠੀ ਮਕਾਨ ਦੀ ਸੀ,
ਕਈ ਕੋਠੀਆਂ ਮਕਾਨ ਬਣਾਵਦਾ ਹਾਂ।
ਮਿਹਰਾਂ ਰੱਬ ਦੀਆਂ ਅਪਰ ਅਪਾਰ ਬਰਸਨ,
ਨੀਵਾਂ ਹੋ ਕੇ ਉਹਨੂੰ ਧਿਆਵੰਦਾ ਹਾਂ।
ਸਭ ਕੁੱਝ ਦਿੱਤਾ ਲੋੜ ਆਪ ਦੀ ਹੈ,
ਥੋੜ ਰਹੇਗੀ ਲਿਖ ਲਿਖਾਵਦਾ ਹਾਂ।
ਹੁਣ ਰੱਬ ਅੱਗੇ ਇਹੀ ਅਰਦਾਸ ਮੇਰੀ,
ਸੁਖ ਸਿਹਤ ਮਿਲਾਪ ਵਰ ਚਾਹਵਦਾਂ ਹਾਂ।
ਇੱਕ ਮੁੱਠ ਰਹਿਵਣ ਭਾਈ ਮਿਲ ਕਰਕੇ,
ਸੁੱਚੀ ਕਾਰ ਪਿਆਰ ਕਹਿਲਾਂਵਦਾ ਹਾਂ।
ਸਭ ਕੁੱਝ ਦੇ ਦਿੱਤਾ ਤੂੰ ਦਿਆਲ ਹੋ ਕੇ,
ਨਿਮਾਣਾ ਹੋ ਗ਼ਰੀਬ ਧਿਆਵਦਾਂ ਹਾਂ।
ਜਿਸ ਦਿੱਤਾ ਹੈ ਉਸਨੂੰ ਯਾਦ ਕਰੀਏ,
ਰਹਿਣਾ ਭੈ ਵਿੱਚ ਸਦਾ ਸਲਾਹਵਦਾਂ ਹਾਂ।
ਸੰਤੋਖ ਕਹੇ ਬਰਕਤਾਂ ਮਿਲਾਪ ਦੀਆਂ,
ਪ੍ਰਸਪਰ, ਮਿਲਾਪ ਸਿਖਲਾਵਦਾਂ ਹਾਂ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ: ਹਰਚੰਦਨ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।



**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ



ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਸੰਪਾਦਕੀ: ਗੁਰ ਕਾ ਸਬਦੁ ਕੋ ਵਿਰਲਾ ਬੂਝੈ 4

ਗੁਰਮਤਿ ਸੰਗੀਤ ਵਿਚ ਰਾਗ ਬਸੰਤ **5**
ਡਾ. ਗੁਰਨਾਮ ਸਿੰਘ

ਭਲੋ ਭਲੋ ਰੇ ਕੀਰਤਨੀਆਂ 9
ਦਵਿੰਦਰ ਸਿੰਘ ਵਿਦਿਆਰਥੀ

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 18

ਸੰਗੀਤ ਔਰ ਗਣਿਤ
ਡਾੱ. ਸਰਬਜੀਤ ਸਿੰਹ **21**

ਸੁਰਲਿਪੀ : ਬਸੰਤ ਰਾਗ
ਡਾ ਨਰਿੰਦਰ ਕੌਰ 23


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।
Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

## ਕਰਉ ਬੇਨੰਤੀਆ

# ਗੁਰ ਕਾ ਸਬਦੁ ਕੋ ਵਿਰਲਾ ਬੂਝੈ

ਪਿਛਲੇ ਦਿਨੀਂ ਗੁਰੂ ਗ੍ਰੰਥ ਸਾਹਿਬ ਦੇ ਅਪਮਾਨ ਅਤੇ ਸਨਮਾਨ ਦੇ ਨਾਮ ਹੇਠ ਵਾਪਰੀਆਂ ਘਟਨਾਵਾਂ ਨੇ ਸ਼ਬਦ ਗੁਰੂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਵੱਲ ਪ੍ਰੇਰਿਆ। ਸੱਚੀ ਟਕਸਾਲ ਵਿੱਚ ਘੜੇ ਗਏ ਸ਼ਬਦਾਂ ਨੂੰ ਇੱਕ ਗ੍ਰੰਥ ਦਾ ਰੂਪ ਦੇ ਕੇ ਫਿਰ ਉਸ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ। ਸ਼ਬਦ ਨੂੰ ਗੁਰੂ ਨਾਨਕ ਦੇਵ ਜੀ ਨੇ ਹੀ ਕਹਿ ਦਿੱਤਾ ਸੀ- ਸਬਦ ਗੁਰੂ ਸੁਰਤ ਧੁਨ ਚੇਲਾ- ਤੇ ਫਿਰ ਉਸੇ ਸ਼ਬਦ ਨਾਲ ਜੋੜਨ ਲਈ ਹੀ ਧਰਮਸਾਲਾ ਦੀ ਰੀਤ ਚਲਾਈ ਗਈ। ਸ਼ਬਦ ਦੇ ਪ੍ਰਤਾਪ ਨਾਲ ਲੁਕਾਈ ਜੁੜਦੀ ਹੈ ਅਤੇ ਜਿਹੜੇ ਸਥਾਨ ਤੇ ਸ਼ਬਦ ਦਾ ਵਰਤਾਰਾ ਹੁੰਦਾ ਹੈ ਉਥੇ ਰਿਧੀਆਂ ਸਿਧੀਆਂ ਵੀ ਆ ਬਿਰਾਜਦੀਆਂ ਹਨ। ਧਨ ਦੌਲਤ ਜਾਇਦਾਦ ਆਦਿ ਵੀ ਇੱਕਤਰ ਹੋ ਜਾਂਦੀ ਹੈ। ਕੁਝ ਲੋਕ ਸ਼ਬਦ ਨੂੰ ਵਿਸਾਰ ਕੇ ਉਸ ਸਥਾਨ ਨੂੰ ਸ਼ਬਦ ਨਾਲੋਂ ਵਧੇਰੇ ਮਹੱਤਤਾ ਦੇਣ ਲੱਗ ਜਾਂਦੇ ਹਨ। ਫਿਰ ਉਸ ਸਥਾਨ ਤੇ ਕਬਜ਼ਾ ਕਰਨ ਦੀ ਭਾਵਨਾ ਜਨਮ ਲੈ ਲੈਂਦੀ ਹੈ। ਇਸ ਗੱਲ ਨੂੰ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਨੇ ਭਾਂਪ ਲਿਆ ਸੀ। ਇਸੇ ਕਾਰਨ ਉਹਨਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਸ਼ਬਦ ਗੁਰੂ ਵਾਲੀਆਂ ਪੋਥੀਆਂ ਸੌਂਪ ਕੇ ਕਰਤਾਰ ਪੁਰ ਤੋਂ ਵਿਦਿਆ ਕਰ ਦਿੱਤਾ ਕਿਉਂ ਉਸ ਸਥਾਨ ਤੇ ਤਾਂ ਗੁਰ ਸੰਤਾਨਾਂ ਕਾਬਜ਼ ਹੋ ਗਈਆਂ ਸਨ। ਇਹ ਕੁਝ ਲੱਗਭਗ ਸਾਰੇ ਗੁਰੂ ਸਾਹਿਬਾਨਾਂ ਨਾਲ ਵਾਪਰਿਆ ਗੁਰੂ ਅਮਰਦਾਸ ਜੀ ਨੂੰ ਖਡੂਰ ਸਾਹਿਬ ਵਿੱਚ ਸਥਾਨ ਨਹੀਂ ਮਿਲਿਆ ਅਤੇ ਗੁਰੂ ਰਾਮਦਾਸ ਜੀ ਨੂੰ ਗੋਇੰਦਵਾਲ ਨਹੀਂ ਰਾਮਦਾਸ ਪੁਰ ਰਹਿਣਾ ਪਿਆ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿੱਚ ਕੀ ਕੁਝ ਵਾਪਰਿਆ ਇਸ ਬਾਰੇ ਇਤਿਹਾਸ ਗਵਾਹ ਹੈ। ਗੁਰੂ ਹਰਿਗੋਬਿੰਦ ਜੀ ਨੂੰ ਕੀਰਤਪੁਰ ਸਾਹਿਬ ਵਿਖੇ ਜਾਣਾ ਪਿਆ। ਗੁਰੂ ਤੇਗ ਬਹਾਦਰ ਜੀ ਨੂੰ ਆਨੰਦਪੁਰ ਸਾਹਿਬ ਵਸਾਉਣਾ ਪਿਆ। ਇਸ ਸਾਰੇ ਵਰਤਾਰੇ ਦਾ ਇਤਿਹਾਸ ਅਸੀਂ ਸ਼ਰਧਾ ਵੱਸ ਕੁਝ ਹੋਰ ਤਰ੍ਹਾਂ ਵੀ ਲਿਖਦੇ ਹਾਂ ਪਰ ਇਹਨਾਂ ਘਟਨਾਵਾਂ ਦੇ ਕਾਰਨਾਂ ਵਿੱਚ ਜਾਇਦਾਦ ਦੇ ਕਬਜ਼ੇ ਦਾ ਕਾਰਨ ਵੀ ਸਮਝ ਆਉਂਦਾ ਹੈ। ਇਹਨਾਂ ਘਟਨਾਵਾਂ ਦੇ ਅੰਤਰਗਤ ਸ਼ਬਦ ਗੁਰੂ ਦੇ ਉਪਾਸ਼ਕ ਗੁਰੂ ਸਾਹਿਬਾਨ ਨੇ ਸ਼ਬਦ ਦੇ ਪ੍ਰਚਾਰ ਪ੍ਰਸਾਰ ਲਈ ਜਤਨ ਜਾਰੀ ਰੱਖੇ। ਜਦੋਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤਾਂ ਆਮ ਲੋਕਾਂ ਨੇ ਕੁਝ ਕਾਗਜ਼ਾਂ ਨੂੰ ਜਿਹਨਾਂ ਉੱਤੇ ਸ਼ਬਦ ਲਿਖਿਆ ਗਿਆ ਸੀ ਗੁਰੂ ਸਮਝ ਲਿਆ। ਫਿਰ ਗੁਰੂ ਗ੍ਰੰਥ ਸਾਹਿਬ ਦੀ ਉਸ ਬੀੜ ਉਪਰ ਕਬਜ਼ੇ ਲਈ ਜਤਨ ਸ਼ੁਰੂ ਹੋ ਗਏ। ਕਰਤਾਰ ਪੁਰ ਵਾਲੀ ਬੀੜ ਅਜੇ ਵੀ ਗੁਰ ਸੰਤਾਨਾਂ ਦੇ ਕਬਜ਼ੇ ਵਿੱਚ ਹੈ। ਪਰ ਸ਼ਬਦ ਇੱਕ ਬੀੜ ਦਾ ਮੁਹਤਾਜ ਨਾ ਰਿਹਾ ਸਗੋਂ ਉਹ ਤਾਂ ਹੋਰ ਬੀੜਾਂ, ਪੋਥੀਆਂ, ਗੁਟਕਿਆਂ ਆਦਿ ਦੇ ਰੂਪ ਵਿੱਚ ਵਿਸਤ੍ਰਿਤ ਹੋ ਗਿਆ। ਅਜੋਕੇ ਯੁੱਗ ਵਿੱਚ ਸ਼ਬਦ ਗੁਰੂ ਕਾਗਜ਼ ਤੋਂ ਬਾਹਰ ਆ ਗਿਆ ਅਤੇ ਕੰਪਿਊਟਰ ਰਾਹੀਂ, ਪੈਨ ਡਰਾਈਵਾਂ ਅਤੇ ਇੰਟਰਨੈਟ ਰਾਹੀਂ ਸਰਬ ਵਿਆਪਕ ਹੋ ਗਿਆ ਹੈ। ਹੁਣ ਜਾ ਕਾ ਹਿਰਦਾ ਸੁਧ ਹੈ ਕੋਈ ਵੀ, ਕਿਤੇ ਵੀ, ਕਦੀ ਵੀ ਉਸ ਸ਼ਬਦ ਗੁਰੂ ਦੀ ਸਰਨ ਵਿੱਚ ਆ ਕੇ ਵਿਚਰ ਸਕਦਾ ਹੈ। ਅਜਿਹੇ ਸ਼ਬਦ ਦਾ ਕੌਣ ਅਪਮਾਨ ਕਰ ਸਕਦਾ ਹੈ। ਅਸਲ ਵਿੱਚ ਅਪਮਾਨ ਕਰਨ ਵਾਲਿਆਂ ਅਤੇ ਅਪਮਾਨ ਦਾ ਬਦਲਾ ਲੈਣ ਵਾਲਿਆਂ ਦਾ ਮਨੋਰਥ ਸ਼ਾਇਦ ਕੁਝ ਹੋਰ ਹੀ ਹੈ। ਭੁੱਲ ਚੁਕ ਖਿਮਾ....

# ਗੁਰਮਤਿ ਸੰਗੀਤ ਵਿਚ ਰਾਗ ਬਸੰਤ

ਡਾ. ਗੁਰਨਾਮ ਸਿੰਘ

ਬਸੰਤ ਇਕ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਪੁਰਾਤਨ ਮੱਧ ਕਾਲੀਨ ਅਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਹਰੇਕ ਗ੍ਰੰਥਕਾਰ ਨੇ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਦਾ ਇਹ ਮਹੱਤਵਪੂਰਣ ਰਾਗ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਅਧੀਨ ਅਨੰਦ ਤੇ ਖੇੜੇ ਦੀਆਂ ਬੰਦਿਸ਼ਾਂ ਗਾਈਆਂ ਜਾਂਦੀਆਂ ਹਨ ਪਰ ਗੁਰਮਤਿ ਸੰਗੀਤ ਵਿਚ ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਓਤਪਰੋਤ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਇਸ ਨੂੰ 25ਵੇਂ ਸਥਾਨ ਪੰਨਾ 1168 'ਤੇ ਅੰਕਿਤ ਕੀਤਾ ਗਿਆ ਹੈ। ਇਸ ਰਾਗ ਵਿਚ ਪਉੜੀ ਗਾਇਨ ਦੀ ਪਰੰਪਰਾ ਗੁਰਮਤਿ ਸੰਗੀਤ ਦੀ ਵਿਲੱਖਣਤਾ ਹੈ। ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਬਸੰਤ ਰਾਗ ਸਬੰਧੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

-ਬਨਸਪਤਿ ਮਉਲੀ ਚੜਿਆ ਬਸੰਤੁ ॥ (...)
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1176
-ਮਾਹਾ ਮਾਹ ਮੁਮਾਰਖੀ ਚੜਿਆ ਬਸੰਤੁ ॥ (...)
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1168

ਸਿੱਖ ਕੀਰਤਨ ਪਰੰਪਰਾ ਵਿਚ ਬਸੰਤ ਰੁੱਤ ਵਿਚ ਰਾਗ ਬਸੰਤ ਦੀ ਚੌਕੀ ਦਾ ਗਾਇਨ ਕਰਨ ਦੀ ਵਿਸ਼ੇਸ਼ ਮਰਿਆਦਾ ਹੈ। ਬਸੰਤ ਰੁੱਤ ਵਿਚ ਕੀਰਤਨ ਦੀ ਆਰੰਭਤਾ ਇਸੇ ਰਾਗ ਨਾਲ ਕੀਤੀ ਜਾਂਦੀ ਹੈ। ਕੀਰਤਨ ਦੀ ਸੰਪਨਤਾ ਬਸੰਤ ਦੀ ਪਉੜੀ ਲਗਾ ਕੇ ਕੀਤੀ ਜਾਂਦੀ ਹੈ। ਰੁੱਤਕਾਲੀਨ ਰਾਗ ਹੋਣ ਕਰਕੇ ਰਾਗ ਬਸੰਤ ਦਾ ਗੁਰਮਤਿ ਸੰਗੀਤ ਪਰੰਪਰਾ ਵਿਚ ਮਾਘ ਮਹੀਨੇ ਤੋਂ ਹੋਲੇ ਮਹੱਲੇ ਦੇ ਤਿਉਹਾਰ ਤੱਕ ਗਾਇਨ ਕਰਨ ਦੀ ਰੀਤ ਹੈ। ਜਿਸ ਅਨੁਸਾਰ ਇਸ ਸਮੇਂ ਦੌਰਾਨ ਜਿੱਥੇ ਕਿਤੇ ਵੀ ਕੀਰਤਨ ਹੁੰਦਾ ਹੈ, ਉਸ ਵਿਚ ਬਸੰਤ ਅਤੇ ਬਸੰਤ ਹਿੰਡੋਲ ਦੇ ਵੱਖ-ਵੱਖ ਰਾਗ ਪ੍ਰਕਾਰਾਂ ਵਿਚ ਗਾਇਨ ਕਰਨਾ ਲਾਜ਼ਮੀ ਮੰਨਿਆ ਜਾਂਦਾ ਹੈ। ਇਸ ਕੀਰਤਨ ਨੂੰ ਬਸੰਤ ਦੀ ਕੀਰਤਨ ਚੌਕੀ ਵੀ ਕਿਹਾ ਜਾਂਦਾ ਹੈ ਅਤੇ ਇਸ ਦੇ ਅੰਤ ਵਿਚ ਬਸੰਤ ਦੀ ਵਾਰ ਦੀਆਂ ਪਉੜੀਆਂ ਦਾ ਗਾਇਨ ਵੀ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਇਸ ਸਮੇਂ ਦੌਰਾਨ ਰਾਗ ਬਸੰਤ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਮਾਘੀ ਦੀ ਸੰਗਰਾਂਦ ਤੋਂ ਇਕ ਰਾਤ ਪਹਿਲਾਂ ਵਿਸ਼ੇਸ਼ ਅਰਦਾਸ ਕਰਕੇ ਕੀਤਾ ਜਾਂਦਾ ਹੈ। ਰਾਗ ਬਸੰਤ ਦੇ ਆਰੰਭ ਦੀ ਇਸ ਰੀਤ ਨੂੰ ਗੁਰਮਤਿ ਸੰਗੀਤ ਵਿਚ ਬਸੰਤ ਖੋਲਣਾ ਕਿਹਾ ਜਾਂਦਾ ਹੈ। ਰਾਗ ਬਸੰਤ ਦਾ ਸਮਾਪਨ ਹੋਲੇ ਮਹੱਲੇ ਦੇ ਤਿਉਹਾਰ 'ਤੇ ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ ਵਿਖੇ ਕੀਤਾ ਜਾਂਦਾ ਹੈ ਜਿਸ ਵਿਚ ਹੋਲੇ ਮਹੱਲੇ ਤੋਂ ਇਕ ਰਾਤ ਪਹਿਲਾਂ ਬਸੰਤ ਰਾਗ 'ਤੇ ਅਧਾਰਿਤ

ਇਕ ਵਿਸ਼ੇਸ਼ ਰਾਗ ਦਰਬਾਰ ਸੱਜਦਾ ਹੈ ਜਿਸ ਵਿਚ ਕੀਰਤਨੀਏ ਬਸੰਤ ਅਤੇ ਹੋਲੀ ਨਾਲ ਸਬੰਧਤ ਕੀਰਤਨ ਕਰਦੇ ਹਨ ਅਤੇ ਅੰਤ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਸ਼ਸਤਰ ਮਾਲਾ ਵਿਚੋਂ ਕੀਤਾ ਜਾਂਦਾ ਹੈ।

ਬਸੰਤ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਅੱਠ ਪਦੇ, ਸੱਤ ਅਸ਼ਟਪਦੀਆਂ; ਗੁਰੂ ਅਮਰਦਾਸ ਜੀ ਦੇ ਸਤਾਰਾਂ ਪਦੇ; ਗੁਰੂ ਰਾਮਦਾਸ ਜੀ ਦੋ ਪਦੇ; ਗੁਰੂ ਅਰਜਨ ਦੇਵ ਜੀ ਅਠਾਰਾਂ ਪਦੇ ਦੋ ਅਸ਼ਟਪਦੀਆਂ ਤੇ ਇਕ ਵਾਰ; ਭਗਤ ਕਬੀਰ ਜੀ ਦੇ ਸੱਤ; ਨਾਮਦੇਉ ਜੀ ਦੇ ਤਿੰਨ ਪਦੇ ਤੇ ਭਗਤ ਰਵੀਦਾਸ ਇਕ ਪਦਾ ਬਾਣੀ ਰੂਪ ਦਰਜ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਇਸ ਰਾਗ ਨੂੰ ਪੂਰਵੀ ਥਾਟ ਦੇ ਅੰਤਰਗਤ ਰੱਖਿਆ ਗਿਆ ਹੈ। ਗੁਰੁ ਗਿਰਾਰਥ ਕੋਸ਼ ਵਿਚ ਬਸੰਤ ਨੂੰ ਸਿਰੀ ਰਾਗ ਦੀ ਰਾਗਨੀ ਸਵੀਕਾਰਿਆ ਗਿਆ ਹੈ। ਭਾਰਤੀ ਸੰਗੀਤਕਾਰਾਂ ਵਿਚ ਇਸ ਰਾਗ ਦੇ ਸਰੂਪ ਬਾਰੇ ਭਿੰਨ-ਭਿੰਨ ਮੱਤ ਪ੍ਰਚਲਿਤ ਹਨ। ਇਕ ਮੱਤ ਅਨੁਸਾਰ ਇਹ ਮਾਰਵਾ ਥਾਟ ਦਾ ਸੰਪੂਰਨ ਰਾਗ ਹੈ। ਦੂਜੇ ਮੱਤ ਅਨੁਸਾਰ ਇਹ ਰਾਗ ਥਾਟ ਮਾਰਵਾ, ਪੰਚਮ ਵਰਜਿਤ, ਤੀਜੇ ਮੱਤ ਅਨੁਸਾਰ ਥਾਟ ਪੂਰਵੀ, ਕੇਵਲ ਤੀਵਰ ਮਧਿਅਮ, ਚੌਥੇ ਮਤ ਅਨੁਸਾਰ ਥਾਟ ਪੂਰਵੀ, ਦੋਵੇਂ ਮਾਧਿਅਮ ਆਦਿ। ਕੁਝ ਗ੍ਰੰਥਕਾਰ ਬਸੰਤ ਰਾਗ ਵਿਚ ਕੋਮਲ ਗੰਧਾਰ ਅਤੇ ਥਾਟ ਤੋੜੀ ਮੰਨਦੇ ਹਨ। ਵਰਤਮਾਨ ਸਮੇਂ ਵਿਚ ਰਾਗ ਬਸੰਤ ਪੂਰਵੀ ਥਾਟ ਅਤੇ ਮਧਿਅਮ ਦੋਵੇਂ, ਜ਼ਿਆਦਾ ਪ੍ਰਚਾਰ ਵਿਚ ਹੈ।

ਕੁਝ ਸੰਗੀਤ ਵਿਦਵਾਨਾਂ ਇਸ ਰਾਗ ਨੂੰ ਪੁਰਾਤਨ ਬਸੰਤ ਰਾਗ ਜੋ ਕਿ ਬਿਲਾਵਲ ਥਾਟ ਦਾ ਰਾਗ ਹੈ, ਨੂੰ ਮਾਨਤਾ ਦਿੰਦੇ ਹਨ। ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਰਾਗ ਦੇ ਪੁਰਾਤਨ ਬਿਲਾਵਲ ਥਾਟ ਦੇ ਸਰੂਪ ਨੂੰ ਹੀ ਪ੍ਰਵਾਨਿਆ ਹੈ। ਰਾਗ ਬਸੰਤ ਦੇ ਕੁਝ ਪ੍ਰਕਾਰ ਨਿਮਨਲਿਖਤ ਹਨ:

1. **ਕਲਿਆਣ –** ਅੰਗ, ਵਾਦੀ : ਤਾਰ ਸ਼ੜਜ, ਸੰਵਾਦੀ : ਗੰਧਾਰ, ਸੁਰ : ਦੋਵੇਂ ਮਧਿਅਮ, ਰਿਸ਼ਭ ਦੁਰਬਲ, ਸਮਾਂ : ਬਸੰਤ ਰੁੱਤ।

2. **ਥਾਟ :** ਪੂਰਵੀ, ਜਾਤੀ : ਔੜਵ-ਸੰਪੂਰਨ, ਵਰਜਿਤ ਸੁਰ : ਆਰੋਹ ਵਿਚ ਰਿਸ਼ਭ, ਪੰਚਮ, ਵਾਦੀ-ਸੰਵਾਦੀ : ਤਾਰ, ਸ਼ੜਜ : ਪੰਚਮ, ਸਮਾਂ : ਅੱਧੀ ਰਾਤ ਤੋਂ ਬਾਅਦ।

3. **ਥਾਟ :** ਪੂਰਵੀ, ਜਾਤੀ : ਔੜਵ-ਵਕਰ ਸੰਪੂਰਨ, ਵਾਦੀ : ਤਾਰ ਸ਼ੜਜ, ਸੰਵਾਦੀ-ਪੰਚਮ, ਸੁਰ : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ, ਵਰਜਿਤ ਸੁਰ : ਰਿਸ਼ਭ ਆਰੋਹ ਵਿਚ, ਸਮਾਂ : ਬਸੰਤ ਰੁੱਤ ਵਿਚ ਹਰ ਵੇਲੇ।

4. ਨਿਮਨਲਿਖਤ ਸਰੂਪ ਗੁਰਮਤਿ ਸੰਗੀਤ ਪਰੰਪਰਾ ਦੇ ਵਿਦਵਾਨਾਂ ਤੇ ਰਾਗ ਨਿਰਣਾਇਕ ਕਮੇਟੀ ਨੇ ਪ੍ਰਵਾਨ ਕੀਤਾ ਹੈ। ਬਸੰਤ ਰਾਗ ਦੇ ਇਸ ਰੂਪ ਵਿਚ ਸਾਰੇ ਸੁਰ ਸ਼ੁੱਧ ਹਨ। ਆਰੋਹ ਵਿਚ ਰਿਸ਼ਭ ਅਤੇ ਪੰਚਮ ਹੈ ਅਤੇ ਇਸ ਦੀ ਜਾਤੀ ਔੜਵ ਸੰਪੂਰਨ ਹੈ। ਇਸ ਰਾਗ ਨੂੰ ਬਸੰਤ ਰੁੱਤ ਵਿਚ ਹਰ ਵੇਲੇ ਗਾਇਆ ਵਜਾਇਆ ਜਾ ਸਕਦਾ ਹੈ। ਇਸ ਦਾ ਵਾਦੀ ਸੁਰ ਤਾਰ ਸਪਤਕ ਦਾ ਸ਼ੜਜ ਅਤੇ ਸੰਵਾਦੀ ਮਧਿਅਮ ਹੈ।

ਇਸ ਦਾ ਆਰੋਹ : ਸ਼ੜਜ ਗੰਧਾਰ ਮਧਿਅਮ ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਪੰਚਮ ਮਧਿਅਮ, ਗੰਧਾਰ ਰਿਸ਼ਭ ਸ਼ੜਜ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਰਾਗ ਬਸੰਤ ਅਧੀਨ ਰਾਗ ਬਸੰਤ ਹਿੰਡੋਲ ਦਾ ਅੰਕਣ ਪੰਨਾ 1171 'ਤੇ ਕੀਤਾ ਗਿਆ ਹੈ ਜੋ ਬਸੰਤ ਅਤੇ ਹਿੰਡੋਲ ਰਾਗਾਂ ਦੇ ਮਿਸ਼ਰਣ ਤੋਂ ਬਣਿਆ ਹੈ। ਇਸ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਚਾਰ ਪਦੇ, ਇਕ ਅਸ਼ਟਪਦੀ; ਗੁਰੂ ਅਮਰਦਾਸ ਜੀ ਦੇ ਚਾਰ; ਗੁਰੂ ਰਾਮਦਾਸ ਜੀ ਪੰਜ ਪਦੇ ਇਕ ਅਸ਼ਟਪਦੀ; ਗੁਰੂ ਅਰਜਨ ਦੇਵ ਜੀ ਤਿੰਨ ਪਦੇ; ਤੇਗ ਬਹਾਦਰ ਜੀ ਦੇ ਪੰਜ ਪਦੇ; ਭਗਤ ਕਬੀਰ ਜੀ ਤੇ ਰਾਮਾਨੰਦ ਜੀ ਦਾ ਇਕ ਪਦਾ ਬਾਣੀ ਰੂਪ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਹਿੰਡੋਲ ਘਰ 2 ਮਹਲਾ 5 ਅਤੇ ਬਸੰਤ ਮਹਲਾ 5 ਘਰ 2 ਹਿੰਡੋਲ ਆਦਿ ਸਿਰਲੇਖਾਂ ਅਧੀਨ ਇਸ ਰਾਗ ਨੂੰ ਅੰਕਿਤ ਕੀਤਾ ਗਿਆ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਰਾਗ ਬਸੰਤ ਅਤੇ ਰਾਗ ਹਿੰਡੋਲ ਦਾ ਵੱਖਰਾ-ਵੱਖਰਾ ਉਲੇਖ ਹੈ ਪਰੰਤੂ ਰਾਗ ਬਸੰਤ ਹਿੰਡੋਲ ਦੇ ਬਾਰੇ ਵਿਚ ਸੁਤੰਤਰ ਰੂਪ ਵਿਚ ਕੋਈ ਉਲੇਖ ਪ੍ਰਾਪਤ ਨਹੀਂ ਹੁੰਦਾ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਰਾਗ ਬਸੰਤ ਹਿੰਡੋਲ ਦਾ ਉਲੇਖ ਰਾਗ ਕੋਸ਼ ਅਤੇ ਰਾਗ ਵਿਆਕਰਣ ਵਿਚ ਮਿਲਦਾ ਹੈ।

ਬਸੰਤ ਹਿੰਡੋਲ ਰਾਗ ਦੇ ਨਾਦਾਤਮਕ ਸਰੂਪ ਸਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਸੰਗੀਤ ਦੇ ਵਿਦਵਾਨਾਂ ਨੇ ਇਸ ਦੀ ਉਤਪਤੀ ਪੂਰਵੀ ਅਤੇ ਮਾਰਵਾ ਥਾਟ ਤੋਂ ਮੰਨੀ ਹੈ। ਉਨ੍ਹਾਂ ਅਨੁਸਾਰ ਬਸੰਤ ਹਿੰਡੋਲ ਦਾ ਆਪਣਾ ਸੁਤੰਤਰ ਰੂਪ ਹੋਣ ਕਰਕੇ ਇਹ ਆਪਣੀ ਅਲੱਗ ਹੋਂਦ ਰੱਖਦਾ ਹੈ। ਰਾਗ ਨਿਰਣਾਇਕ ਕਮੇਟੀ ਨੇ ਬਸੰਤ ਹਿੰਡੋਲ ਦੇ ਸਰੂਪ ਵਿਚ ਇਸ ਦੀ ਜਾਤੀ ਔੜਵ-ਸੰਪੂਰਨ ਪ੍ਰਵਾਨ ਕੀਤੀ ਹੈ। ਇਸ ਵਿਚ ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਮੰਨਿਆ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਧੈਵਤ ਦੋਵੇਂ ਵਰਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ-ਪੰਚਮ ਸੁਰ ਵਰਜਿਤ ਹਨ ਅਤੇ ਗਾਇਨ ਦਾ ਸਮਾਂ ਰਾਤ ਦਾ ਤੀਸਰਾ ਪਹਿਰ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਵਿਚ ਬਸੰਤ ਹਿੰਡੋਲ ਰਾਗ ਨੂੰ ਕਲਿਆਣ ਅੰਗ ਤੋਂ ਗਾਉਣ ਦੀ ਪ੍ਰਥਾ ਹੈ। ਇਸ ਵਿਚ ਰਾਗ ਦਾ ਵਾਦੀ ਸੁਰ ਸ਼ੜਜ ਸੰਵਾਦੀ ਗੰਧਾਰ ਅਤੇ ਗਾਇਨ ਸਮਾਂ ਬਸੰਤ ਰੁੱਤ ਦਾ ਮੰਨਿਆ ਜਾਂਦਾ ਹੈ। ਇਸ ਆਰੋਹ-ਅਵਰੋਹ ਵਿਚ 'ਰੇ' ਅਤੇ 'ਪ' ਸੁਰ ਵਰਜਿਤ ਹੋਣ ਕਰਕੇ ਇਸ ਰਾਗ ਦੀ ਜਾਤੀ ਔੜਵ-ਔੜਵ ਮੰਨੀ ਗਈ ਹੈ।

ਬਸੰਤ ਹਿੰਡੋਲ ਰਾਗ ਦਾ ਇਕ ਹੋਰ ਸਰੂਪ ਮਾਰਵਾ ਥਾਟ ਮਿਲਦਾ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਤੇ ਨਿਸ਼ਾਦ ਅਤੇ ਅਵਰੋਹ ਵਿਚ ਪੰਚਮ ਸੁਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸ਼ਾੜਵ ਮੰਨੀ ਗਈ ਹੈ। ਇਸ ਰਾਗ ਦਾ ਵਾਦੀ ਸੁਰ ਗੰਧਾਰ ਤੇ ਸੰਵਾਦੀ ਧੈਵਤ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਅਨੁਸਾਰ ਇਸ ਰਾਗ ਵਿਚ ਦੋਵੇਂ ਮਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਇਸ ਦੀ

ਜਾਤੀ ਵਕਰ ਸ਼ਾੜਵ-ਔੜਵ ਮੰਨੀ ਜਾਂਦੀ ਹੈ। ਇਸ ਰਾਗ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਮੰਨਿਆ ਗਿਆ ਹੈ ਪਰੰਤੂ ਵਰਖਾ ਰੁੱਤ ਵਿਚ ਹਰ ਸਮੇਂ ਗਾਇਨ ਕਰਨ ਦਾ ਪ੍ਰਚਲਨ ਹੈ।

ਉਕਤ ਰਾਗਾਂ ਦੇ ਅਧੀਨ 20ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਰਾਗਾਂ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਬਸੰਤ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ 'ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਗਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

**ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ**

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC : STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 earlier valid upto 31/03/2012 now valid in perpetuity.

# ਭਲੋ ਭਲੋ ਰੇ ਕੀਰਤਨੀਆਂ

**ਦਵਿੰਦਰ ਸਿੰਘ ਵਿਦਿਆਰਥੀ**

ਈਸ਼ਵਰ ਨੂੰ ਸਾਰੇ ਸੰਸਾਰ ਦਾ ਸਾਂਝਾ ਪਿਤਾ ਕਿਹਾ ਜਾਂਦਾ ਹੈ, ਪਰ ਸਾਰੇ ਸੰਸਾਰ ਵਿਚ ਕੁਝ ਲੋਕ ਇਸ ਸਾਂਝੇ ਪਿਤਾ ਦੀਆਂ ਸੰਤਾਨਾਂ ਦੇ ਖਿਡਾਵੇ, ਬਣ ਕੇ ਪਿਤਾ ਨਾਲ ਮਿਲਣ ਦੇ ਅਦਬ-ਅਦਾਬ ਦੀ ਜਾਣਕਾਰੀ ਦੱਸਣ ਅਤੇ ਮਿਲਾਪ ਕਰਾਉਣ ਦੇ ਬਹਾਨੇ ਆਪਣੀ ਚੰਗੀ ਕੁੱਲੀ ਗੁੱਲੀ ਜੁੱਲੀ ਦੀ ਫਿਕਰ ਵਿਚ ਗਲਤਾਨ ਰਹਿੰਦੇ ਹਨ। ਇਹਨਾਂ ਦੇ ਭਾਈਚਾਰੇ ਨੂੰ ਪੁਜਾਰੀਆਂ ਪੁਰੋਹਿਤਾਂ ਦਾ ਭਾਈਚਾਰਾ ਕਿਹਾ ਜਾਂਦਾ ਹੈ। ਵੇਦ-ਕਾਲ ਤੋਂ ਹੀ ਇਸ ਭਾਈਚਾਰੇ ਨਾਲ ਸਮੂਹ ਭਾਈਚਾਰੇ ਨੂੰ ਸ਼ਿਕਵੇ ਰਹੇ ਹਨ। ਬਦਕਿਸਮਤੀ ਨਾਲ ਇਸ ਭਾਈਚਾਰੇ ਨੇ ਆਪਣੀ ਕਲਾਤਮਕ ਸੁਘੜਤਾ ਸਹਾਰੇ ਕੀਰਤਨ ਦੇ ਖੇਤਰ ਵਿਚ ਵੀ ਪੈਰ ਪਸਾਰ ਲਏ ਸਨ। ਗੁਰੂ-ਮਤ ਨੇ ਪੰਡਾ-ਪੁਰਹਿਤ-ਵਾਦ ਤੋਂ ਸਮਾਜ ਦਾ ਪਿੰਡ ਛੁਡਵਾਉਣ ਦਾ ਬਾਨ੍ਹਣੂ ਬੰਨ੍ਹਿਆ ਸੀ।

ਵੇਦ-ਕਾਲ ਤੋਂ ਹੀ ਛੱਤ੍ਰੀਆ ਵਿਚ ਕੁਝ ਅਜਿਹੇ ਪਰਿਵਾਰ ਉੱਭਰੇ ਜਿਹਨਾਂ ਯੱਗ-ਹੋਮ ਅਤੇ ਯੱਗ-ਯਾਗ ਨਾਲ ਸੰਬੰਧਤ ਕਿਰਿਆਵਾਂ ਨੂੰ ਸਿੱਖ ਕੇ ਆਪ ਆਪਣੇ ਯੱਗ-ਹੋਮ ਕਰਨੇ ਆਰੰਭ ਕਰ ਦਿੱਤੇ ਸਨ। ਜਨਮੇਜੇ ਦੇ ਨਾਗ-ਦਮਨ ਯੱਗ ਦਾ ਪੁਰੋਹਿਤ ਜਨਮੇਜਾ ਆਪ ਹੀ ਸੀ। ਕੋਈ ਬ੍ਰਾਹਮਣ ਉਸ ਦਾ ਯੱਗ ਕਰਵਾਉਣ ਲਈ ਰਾਜ਼ੀ ਹੁੰਦਾ, ਇਸ ਦੀ ਸੰਭਾਵਨਾ ਸੋਚੀ ਵੀ ਨਹੀਂ ਜਾ ਸਕਦੀ। ਮੁੜ-ਜਾਗਰਣ ਕਾਲ ਵਿਚ ਕਰਤਾਰ ਅਤੇ ਸਾਧਾਰਣ ਮਨੁੱਖ ਵਿਚਕਾਰ ਸਿੱਧੇ ਸੰਬੰਧਾਂ ਦੀ ਰੀਤ ਟੁੱਟ ਗਈ। ਵਰਣ-ਵਾਦ ਦੇ ਉਭਾਰ ਨੇ ਮੁੜ ਵਿਚੋਲਿਆਂ ਦੀ ਪੈਜ ਬਣਾ ਦਿੱਤੀ। ਸੁਲਤਾਨੀ ਯੁੱਗ ਵਿਚ ਜਿਹੜੇ ਭਾਟ-ਚਾਰਣ ਕਿਸੇ ਕਾਰਣ ਮੁਸਲਮਾਨ ਬਣ ਜਾਣ ਉੱਤੇ ਮਜਬੂਰ ਹੋ ਗਏ ਹਿੰਦੂ ਭਾਈਚਾਰੇ ਉਹਨਾਂ ਦਾ ਸਮਾਜ ਵਿਚੋਂ ਦਰਜਾ ਹੋਰ ਘਟਾ ਦਿੱਤਾ।

ਅੱਧਾ ਤਿੱਤਰ ਅੱਧਾ ਬਟੇਰ ਬਣ ਕੇ ਰਹਿ ਜਾਣ ਵਾਲੇ ਇਹਨਾਂ ਲੋਕਾਂ ਨੇ ਭਗਤੀ-ਕਾਲ ਦੇ ਦਿਨਾਂ ਵਿਚ ਆਪਣਾ ਮੁੜ ਵਸੇਬਾ ਭਾਲਣ ਲਈ ਕੀਰਤਨ ਆਦਿ ਕਾਰਜਾਂ ਨੂੰ ਅਪਣਾ ਕੇ ਆਪਣਾ ਨਿਰਬਾਹ ਕਰਨਾ ਆਰੰਭ ਦਿੱਤਾ। ਸਮਾਜ ਇਹਨਾਂ ਨੂੰ ਡੂਮ-ਚੰਡਾਲਾਂ ਨਾਲ ਮੇਚਦਾ ਸੀ। ਇਹਨਾਂ ਨੇ ਰਾਗ ਦਾ ਪੱਲਾ ਫੜਿਆ ਅਤੇ ਭਜਨ ਗਾ ਕੇ ਆਪਣਾ ਨਿੱਤ ਜੀਵਨ ਬਿਤਾਣ ਲੱਗੇ। ਗੁਰਬਾਣੀ-ਕੀਰਤਨ ਉਹਨਾਂ ਲਈ ਨਵਾਂ ਖੇਤਰ ਸੀ, ਕਿਉਂਕਿ ਮੰਦਰਾਂ ਵਿਚ ਉਹਨਾਂ ਨੂੰ ਕੋਈ ਢੋਈ ਨਹੀਂ ਸੀ ਦਿੰਦਾ। ਗੁਰੂ ਨਾਨਕ ਮਰਦਾਨੇ ਰਬਾਬੀ ਨੂੰ ਆਪਣੇ ਨਾਲ ਰੱਖਣ ਲੱਗਾ ਤਾਂ ਰਬਾਬੀਆਂ ਢਾਡੀਆਂ ਦਾ ਵੀ ਮੁੱਲ ਪਿਆ। ਪਰ, ਜਦੋਂ ਕਿਸੇ ਚੀਜ਼ ਦਾ ਮੁੱਲ ਪੈਣ ਲੱਗ ਪਵੇ ਉਸ ਵਿਚ ਵੱਧ ਖੱਟੀ ਦੀ ਭਾਵਨਾ ਆਉਣ ਲਗਦੀ ਹੈ। ਸੱਤੇ-ਬਲਵੰਡ ਜਿਹੇ ਇਸੇ ਪ੍ਰਭਾਵ ਦਾ ਫਲ ਸਨ।

ਸਮਾਜਿਕ ਪੱਧਰ ਉੱਤੇ ਰਬਾਬੀਆਂ ਦਾ ਕੀਰਤਨ ਦੀ ਸੇਵਾ ਵਿਚ ਸ਼ਾਮਿਲ ਕੀਤਾ ਜਾਣਾ ਇਕ ਇਨਕਲਾਬੀ ਕਦਮ ਕਿਹਾ ਜਾ ਸਕਦਾ ਹੈ। ਇਹ ਲੋਕ ਇਸਲਾਮ ਧਾਰਨ ਕਰਨ ਪਿੱਛੋਂ ਇਕ ਕੜਿੱਕੀ ਵਿਚ ਫਸੇ ਹੋਏ ਸਨ। ਇਸਲਾਮ ਵਿਚ ਇਹਨਾਂ ਦੇ ਰਾਗ-ਗਿਆਨ ਦੀ ਕੋਈ ਵਰਤੋਂ ਨਹੀਂ ਹੋ ਸਕਦੀ ਸੀ ਕਿਉਂਕਿ ਰਾਗ ਇਸਲਾਮ ਵਿਚ ਹਰਾਮ ਸੀ। ਸਿਵਾਏ ਗਿਣਤੀ ਦੇ ਸੂਫੀ ਫਕੀਰਾਂ ਦੇ ਸਮਾਜ ਅਤੇ ਕੱਵਾਲੀ ਦੀ ਮਹਿਫਲ ਜਿਸ ਖੇਤਰ ਵਿਚ ਮੁਲ ਪਾ

ਸਕਦੀ ਸੀ, ਉਹ ਸਾਧਾਰਣ ਰਬਾਬ ਲਈ ਸ਼ਾਇਦ, ਵਰਜਿਤ ਬਹਿਸ਼ਤ ਸੀ, ਹਿੰਦੂ ਸਵਾਏ ਖਾਸ ਮੌਕਿਆਂ ਦੇ ਇਹਨਾਂ ਨੂੰ ਨੇੜੇ ਲਾਉਣ ਨੂੰ ਤਿਆਰ ਨਹੀਂ ਸਨ ਅਜਿਹੇ ਮੌਕੇ ਬਹੁਤੇ ਨਹੀਂ ਸਨ ਹੋ ਸਕਦੇ ਅਤੇ ਤਦ ਵੀ ਇਹਨਾਂ ਨਾਲ ਅਛੂਤਾਂ ਵਾਲਾ ਸਲੂਕ ਹੁੰਦਾ ਸੀ।

ਗੁਰੂ ਦਰਬਾਰ, ਸਿੱਖ ਸੰਸਥਾਨਾਂ ਅਤੇ ਟਿਕਾਣਿਆਂ ਵਿਚ ਵੀ ਰੁਜ਼ਗਾਰ ਦੇ ਮੌਕੇ ਗੇਣਵੇਂ ਸਨ। ਰਬਾਬੀਆਂ ਦਾ ਇਸ ਸੰਕੋਚਵੀਂ ਗਿਣਤੀ ਵਿਚ ਭੀ ਸੰਗੀਤ ਵਿਚ ਰਲ ਕੇ ਬੈਠਣ ਦਾ ਅਧਿਕਾਰ, ਇਕ ਪ੍ਰਾਪਤੀ ਤੋਂ ਘੱਟ ਨਹੀਂ ਸੀ ਸਮਝਿਆ ਜਾ ਸਕਦਾ। ਗੁਰੂ ਦਰਬਾਰ ਤੋਂ ਲੰਗਰ-ਪਾਣੀ ਅਤੇ ਲੋੜ ਜੋਗਾ ਲੀੜਾ ਕੱਪੜਾ ਚੰਗਾ ਅਤੇ ਖੁੱਲ੍ਹਾ ਮਿਲ ਜਾਂਦਾ ਸੀ, ਪਰ ਮਾਇਆ ਦੇਣ ਦੀ ਰੀਤ ਨਹੀਂ ਸੀ। ਗੁਰੂ ਜੀ ਲੋੜ ਸਮੇਂ ਆਰਥਿਕ ਸਹਾਇਤਾ ਕਰਦੇ ਰਹਿੰਦੇ ਸਨ ਪਰ ਬੱਝਵਾਂ ਅਸਾਸਾ ਦੇਣਾ ਸਿੱਖ ਚਿੰਤਨ ਦੇ ਅਨੁਕੂਲ ਨਹੀਂ ਸੀ। ਸਿੱਖ-ਚਿੰਤਨ ਨੂੰ ਗੁਰੂ ਸਾਹਿਬ ਜਿਸ ਢਾਂਚੇ ਵਿਚ ਢਾਲ ਰਹੇ ਸਨ, ਉਸ ਵਿਚ ਧਰਮ-ਕਾਰਜ ਦੀ ਕਿਸੇ ਸੇਵਾ ਦਾ ਮੁਆਵਜ਼ਾ ਦੇਣ ਲੈਣ ਦੀ ਆਗਿਆ ਨਹੀਂ ਸੀ ਮਤਾਂ ਇਹ ਪੰਡਾ-ਵਾਦ ਦਾ ਬੀਜ ਬਣ ਉੱਗੇ।

ਬਲਵੰਡ ਕਿਆਂ ਦੇ ਬਿਉਹਾਰ ਨੇ ਇਸ ਸਮੱਸਿਆ ਦੇ ਕਈ ਪੱਖ ਉਜਾਗਰ ਕਰਵਾਏ ਅਤੇ ਉਹਨਾਂ ਦੇ ਸਮਾਧਾਨ ਵੱਲ ਪ੍ਰੇਰਿਆ। ਕੀਰਤਨੀਆਂ ਨੂੰ ਸਖਤ ਹਦਾਇਤਾਂ ਸਨ ਕਿ ਉਹ ਕਿਸੇ ਸਿੱਖ ਪਾਸੋਂ ਕੀਰਤਨ ਦੀ ਸੇਵਾ ਦੇ ਬਦਲੇ ਕੁਝ ਮੰਗ ਕੇ ਨਾ ਲੈਣ। ਅਤੇ ਕਿਸੇ ਸਿੱਖ ਨੂੰ ਇਹ ਮਨਾਹੀ ਨਹੀਂ ਸੀ ਕਿ ਉਹ ਰਬਾਬੀ ਨੂੰ ਕੀਰਤਨ ਦੀ ਪ੍ਰਸੰਸਾ ਵਜੋਂ ਕੁਝ ਨਾ ਦੇਵੇ। ਇਹ ਵੀ ਨਾਲ ਹੀ ਜ਼ਰੂਰੀ ਨਹੀਂ ਸੀ ਕਿ ਕੀਰਤਨੀਏ ਨੂੰ ਹਰ ਸਿੱਖ (ਪੁਰਖ ਅਤੇ ਇਸਤਰੀ) ਕੁਝ ਨ ਕੁਝ ਨਕਦੀ ਦੇ ਕੇ ਹੀ ਜਾਵੇਗਾ, ਭਾਵੇਂ ਆਮ ਰੀਤ ਇਹੋ ਸੀ ਕਿ ਹਰ ਸਿੱਖ ਕੁਝ ਨਾ ਕੁਝ ਨਕਦ ਭੇਟ ਕਰਕੇ ਜਾਣਾ ਆਪਣਾ ਫ਼ਰਜ਼ ਸਮਝਦਾ ਸੀ।

ਜੋ ਸਮੱਸਿਆ ਅਤੇ ਘਟਨਾਵਾਂ ਬਲਵੰਡ ਅਤੇ ਸੱਤੇ ਦੇ ਰਾਹ ਵਿਚ ਪੇਸ਼ ਆਈਆਂ, ਇਹ ਕੁਝ ਵਿਸ਼ੇਸ਼ ਨਹੀਂ, ਸਹਿਜ ਸੁਭਾਵੀ ਨਿੱਤ ਵਿਉਹਾਰ ਵਿਚ ਪੇਸ਼ ਆਉਂਦੀਆਂ ਘਟਨਾਵਾਂ ਹੀ ਸਨ। ਪਰ, ਇਹ ਅਜਿਹੀਆਂ ਘਟਨਾਵਾਂ ਸਨ ਜਿਹਨਾਂ ਨੇ ਕੀਰਤਨੀਆਂ ਦੇ ਸਹਿਜ ਬਿਉਹਾਰ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਸੰਜਮ (Dicipline) ਸਿਖਾਇਆ। ਇਹ ਸੰਜਮ ਨੇ ਕੀਰਤਨੀਆਂ ਦੀ ਮਾਨਸਿਕਤਾ, ਉਹਨਾਂ ਦੇ ਸਮਾਜਿਕ ਰੁਤਬੇ ਅਤੇ ਨਿਰਬਾਹ ਦੇ ਆਰਥਿਕ ਪੱਖ ਦੀਆਂ ਗੁੰਝਲਾਂ ਉਭਾਰ ਕੇ ਇਕ ਬਿਉਹਾਰ ਸੰਹਿਤਾ (Code of Conduct) ਦੀ ਉਸਾਰੀ ਦਾ ਅਵਸਰ ਜੁਟਾਇਆ। ਇਹ ਸੰਹਿਤਾ ਉਹ ਸੀ ਜਿਸ ਦੇ ਬੁਨਿਆਦੀ ਸੰਕਲਪਾਂ ਬਾਰੇ ਅਸੀਂ ਉੱਪਰ ਜ਼ਿਕਰ ਕੀਤਾ ਸੀ। ਉਹਨਾਂ ਸਥਿਤੀਆਂ ਵਿਚ ਇਹੋ ਵਾਜਿਬ ਸੀ।

ਭਗਤ ਰਤਨਾਵਲੀ ਵਿਚ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦੀ ਅਠਾਰ੍ਹਵੀ ਪਉੜੀ ਦੀ ਵਿਆਖਿਆ ਵਿਚ ਲਿਖਿਆ ਹੈ:

ਝਾਜੂ ਮੁਕੰਦੁ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜੂਰ ਆਏ: 'ਗਰੀਬ ਨਿਵਾਜ! ਸਾਡਾ ਉੱਧਾਰ ਕਯੋਂ ਕਰ ਹੋਵੇਗਾ? ਤਾਂ ਬਚਨ ਹੋਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਯੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਂਤਕੀ ਸਾਧਨ ਹੈ। ਤੁਸੀਂ ਕੀਰਤਨ ਕੀਤਾ ਕਰੋ। - ਤਾਂ ਉਹ ਸਦਾ ਨਿਹਕਾਮ ਹੋ ਕੇ ਹਜੂਰ ਕੀਰਤਨ ਕੀਤਾ ਕਰਣ ਅਤੇ ਸਰੀਰ ਦੇ ਨਿਰਵਾਹ ਅਨੁਸਾਰ ਕੋਈ ਸਿੱਖ ਸ਼ਰਧਾ ਸੰਜੁਗਤ ਸੇਵਾ ਕਰੇ ਉਸੇ ਥੀਂ ਗੁਜ਼ਾਰਾ ਕਰਣ...

ਇਸ ਟੂਕ ਤੋਂ ਸਮੇਂ ਦੀ ਸੋਚਣੀ ਦਾ ਪ੍ਰਤੱਖ ਦਰਸ਼ਨ ਹੋ ਜਾਂਦਾ ਹੈ।

ਧਰਮ-ਚੇਤਨਾ ਦੇ ਖੇਤਰ ਵਿਚ, ਜਨ-ਸਾਧਾਰਣ ਦੀ ਮੋਟੀ ਠੁੱਲ੍ਹੀ ਅਨੁਸਾਰ ਉਹ ਯੁੱਗ: ਯੱਗ, ਯੋਗ ਜਾਂ ਯਾਚਨਾਂ ਦਾ ਯੁੱਗ ਸੀ। ਕੁਝ ਚਤੁਰ ਸੂਝਵਾਨਾਂ ਦੀ ਸਿਆਣਪ ਸਦਕਾ ਗੁਰਬਾਣੀ ਦੇ ਵਾਕ 'ਜਿਤੁ ਦੁਆਰੈ ਉਰੈ ਤਿਤੈ ਲੇਹ

ਉਬਾਰਿ' ਦਾ ਅਰਥ ਮਿਲ-ਗੋਭਾ ਆਚਰਣ ਹੀ ਮੁਕਤੀ ਦਾ ਸਾਧਨ ਪ੍ਰਚਾਰਿਆ ਜਾ ਰਿਹਾ ਹੈ। ਗੁਰੂ ਨਾਨਕ ਜੀ ਦਾ ਮੰਤਵ ਜੀਵਨ-ਪੰਡ ਦਾ ਭਾਰ ਹੌਲਾ ਕਰਨਾ ਸੀ ਪਰ ਉਹਨਾਂ ਦਾ ਭਾਵ ਉਲਝਾ ਕੇ ਉਸਨੂੰ ਸਗਵਾਂ ਭਾਰੀ ਹੀ ਨਹੀਂ ਅਸਹਿ ਕੀਤਾ ਜਾ ਰਿਹਾ ਹੈ। ਝਾਝੂ ਮੁਕੰਦੇ ਦੇ ਪ੍ਰਸ਼ਨ ਅਤੇ ਸਤਿਗੁਰੂ ਦਾ ਉਤਰ ਇਸੇ ਪਿਛੋਕੜ ਨਾਲ ਜੁੜੇ ਸਨ:

ਵੱਡੇ ਪੈਮਾਨੇ ਦੇ ਯੱਗ ਜੈਨੀ-ਬੋਧੀ ਪ੍ਰਭਾਵਾਂ ਅਧੀਨ ਬਹੁਤ ਕੁਝ ਪਿੱਛੇ ਪੈ ਗਏ ਸਨ। ਉਪਨਿਸ਼ਦ ਦਾ ਕਥਨ ਹੈ:

ਇਹ ਯੱਗ ਅਸਲ ਵਿਚ ਨਿੱਕੀਆਂ ਨਿੱਕੀਆਂ ਕਿਸ਼ਤੀਆਂ ਵਾਂਗ ਬਲਹੀਣੇ ਸਾਧਨ ਹਨ, ਜਿਹਨਾਂ ਦੇ ਸਹਾਰੇ ਕਲਿਆਣ ਦੀ ਆਸ ਕਦੇ ਯਕੀਨੀ ਨਹੀਂ ਹੋ ਸਕਦੀ।

ਇਹਨਾਂ (ਯੱਗਾਂ) ਉੱਤੇ ਭਰੋਸਾ ਰੱਖਣ ਵਾਲੇ ਮੂਰਖਾਂ ਨੂੰ ਕਰਮ-ਫਲ ਨਿਖੁੱਟਿਆਂ ਹੀ ਮੁੜ ਬੁਢਾਪੇ ਅਤੇ ਮੌਤ ਦਾ ਸ਼ਿਕਾਰ ਹੋਣਾ ਪੈਂਦਾ ਹੈ।1

ਯੱਗ-ਵਾਦੀ ਧਰਮ-ਕਰਮ ਵਿਸ਼ੇਸ਼ ਸੁਆਰਥਾਂ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਸਨ। ਇਹਨਾਂ ਦਾ ਜਿੰਨਾ ਫਾਇਦਾ ਯਾਗਿਆਕ ਨੂੰ ਪਹੁੰਚਦਾ ਸੀ, ਯਜਮਾਨ ਨੂੰ ਸ਼ਾਇਦ ਉਸ ਦਾ ਅੰਸ਼-ਮਾਤਰ ਵੀ ਨਹੀਂ ਪਹੁੰਚਦਾ ਸੀ। ਉਂਝ ਮੋਮੋ-ਠਗਣੀਆਂ ਅਤੇ ਸੁਹਾਵੇ ਭਰਵਾਸਿਆਂ ਦੀ ਗੱਲ ਹੋਰ ਹੈ।

ਗੁਰਮਤ ਦਾ ਸੰਦੇਸ਼ ਇਸ ਤੋਂ ਬਿਲਕੁਲ ਵੱਖਰੇ ਮਾਰਗ ਵੱਲ ਸੰਕੇਤ ਕਰਦਾ ਹੈ। ਗੁਰਮਤਿ ਦੇ ਆਦੇਸ਼ ਅਨੁਸਾਰ ਹਰ ਇਕ ਧਰਮ-ਕ੍ਰਿਆ ਹਿਤ-ਵਾਦ, ਗਰਜ਼ਮੰਦੀ ਅਤੇ ਸੁਆਰਥ ਦੀ ਭਾਵਨਾ ਤੋਂ ਉਚੇਰੇ ਉੱਠ ਕੇ, ਕੇਵਲ 'ਸੱਚ ਦੀ ਸੂਝ ਦਾ ਮਾਰਗ' ਜਾਣਨ ਅਤੇ ਪਛਾਣਨ ਦੀ ਸਮਰਥਾ ਪ੍ਰਾਪਤ ਕਰਨ ਲਈ ਹੀ ਹੋਣੀ ਚਾਹੀਦੀ ਹੈ, ਨਿਰੀ ਰਸਮੀ ਜਾਂ ਵਿਖਾਵੇ ਲਈ ਨਹੀਂ ਹੋਣੀ ਚਾਹੀਦੀ। ਆਪਣੇ ਇਸ਼ਟ ਪਾਸੋਂ ਸੰਸਾਰੀ ਸੁੱਖਾਂ ਅਤੇ ਮਾਨਵੀ ਕਾਮਨਾਵਾਂ ਲਈ ਝੋਲੀ ਅੱਡ ਕੇ ਮੰਗਣਾ ਗੁਰ-ਮੁਖੀ ਸਿਧਾਂਤਾਂ ਹੁਕਮ, ਰਜ਼ਾ ਅਤੇ ਭਾਣੇ ਦੀ ਸਪਸ਼ਟ ਹੀ ਉਲੰਘਣਾ ਕਰਨਾ ਹੈ। ਇਹ ਖੁੱਲ੍ਹਮ ਖੁੱਲ੍ਹਾ ਮਨ ਮੁਖਾਂ ਵਾਲਾ ਆਚਰਣ ਹੈ, ਜਿਸ ਵਿਚ 'ਤਨ ਮਨੁ ਅਰਪਿ ਸਰਬਸੁ ਸਭ ਅਰਪਿਓ ਅਨਦ ਸਹਜ ਧੁਨਿ ਝੋਕ' ਵਾਲੀ ਭਾਵਨਾ ਖੰਡਿਤ ਹੁੰਦੀ ਹੈ।

ਯੋਗ ਦੀ ਚਰਚਾ ਵਿਚ ਅਕਸਰ ਇਹ ਕਹਿ ਲਿਆ ਜਾਂਦਾ ਹੈ ਕਿ ਯੋਗ ਦੀ ਘਾਲ ਡਾਢੀ ਗਾਖੜੀ ਹੁੰਦੀ ਹੈ, ਪਰ ਘਾਲ ਗਾਖੜੀ ਹੋਣਾ ਹੀ ਯੋਗ ਦੀ ਕਠਿਨਾਈ ਨਹੀਂ, ਕਠਿਨਾਈ ਤਾਂ ਸਗੋਂ ਇਹ ਹੈ ਕਿ ਯੋਗ ਭਰੋਸਾ ਦਿੰਦਾ ਹੈ ਉਸ ਮੂਲ ਸੋਮੇ ਨਾਲ ਮੇਲਣ ਦਾ ਜਿਸ ਤੋਂ ਇਹ ਸਾਰਾ ਸੰਸਾਰ ਉਪਜਿਆ ਹੈ ਪਰੰਤੂ ਯੋਗ-ਮਾਰਗ ਦੇ ਜਿੰਨੇ ਗਰੰਥਾਂ ਨੂੰ ਚਾਹੋ ਦੇਖ ਲਵੋ ਕੋਈ ਨਾ ਕੋਈ ਰੇੜਕਾ ਪਾ ਕੇ ਕਵਲਯ ਵਿਚ ਵੀ ਵਿੱਥਾਂ ਝਾਕਦੀਆਂ ਮਿਲਦੀਆਂ ਹਨ। ਯੋਗੀ, ਸ਼ਿਵ ਜਿਹਾ ਹੋ ਸਕਦਾ ਹੈ, ਪਰ ਵਿਸ਼ੁੱਧ ਸ਼ਿਵ ਕਿਧਰੇ ਹੁੰਦਾ ਨਹੀਂ ਦਿੱਸਦਾ, ਕੁਝ ਨਾ ਕੁਝ ਅੰਤਰ ਬਣਿਆ ਹੀ ਰਹਿ ਜਾਂਦਾ ਹੈ ਅਤੇ ਇਹ ਸੰਸਾਰ ਜੋ ਮਹਾਂਦੇਵ ਸ਼ਿਵ ਦਾ ਦਿੱਤਾ ਸੀ ਉਹ ਪੇਸ਼ਗੀ ਹੀ ਹੱਥੋਂ ਛੁਡਾ ਲਿਆ ਜਾਂਦਾ ਹੈ। ਹੱਥ ਦੀ ਪ੍ਰਾਪਤੀ ਤਿਆਗ ਕੇ ਸੰਕਲਪਾਂ ਪਿੱਛੇ ਦੌੜਨਾ ਕਿੰਨਾ ਕਠਿਨ ਹੈ?

ਰਹੀ ਗੱਲ ਯਾਚਨਾ ਦੀ, ਸਾਡੀ ਮਾਨਸਿਕਤਾ ਯੁਗਾਂ ਯੁਗਾਂ ਤੋਂ ਯਾਚਨਾ ਦੇ ਤ੍ਰਾਸ ਦੇ ਭੈ ਤੋਂ ਕੰਬਦੀ ਆਈ ਹੈ, ਤੁਲਸੀ ਜਿਹਾ ਸੰਤ ਵੀ ਇਸ ਤ੍ਰਾਸ ਤੋਂ ਕੂਕਦਾ ਹੈ:

"ਤੁਲਸੀ ਕਰ ਪਰ ਕਰ ਕਰੋ ਕਰ ਤਲ ਕਰ ਨਾ ਕਰੋ। ਜਾਂ ਦਿਨ ਕਰ ਤਲ ਕਰ ਕਰੋ ਤਾਂ ਦਿਨ ਮਰਨ ਭਲੋ।"

ਅਤੇ ਸਾਡਾ ਲੋਕ ਅਖਿਆਨ ਵੀ ਕੁਝ ਇਹੋ ਜਿਹੀ ਬੋਲੀ ਹੀ ਬੋਲਦਾ ਹੈ:

"ਮੰਗਣ ਗਿਆ ਸੋ ਮਰ ਰਿਹਾ ਮਰੇ ਸੋ ਮੰਗਣ ਜਾਇ। ਉਸ ਤੋਂ ਪਹਿਲਾਂ ਉਹ ਮਰੇ ਜੋ ਹੁੰਦੇ ਮੁੱਕਰ ਜਾਹਿ।"

ਗੁਰਬਾਣੀ ਦਾ ਦ੍ਰਿਸ਼ਟੀਕੋਣ ਕੁਝ ਵਧੇਰੇ ਉਦਾਰ ਅਤੇ ਯਥਾਰਥਵਾਦੀ ਹੈ। ਗੁਰੂ ਬਾਣੀ ਲੋੜ-ਥੋੜ ਸਮੇਂ ਮੰਗਣ ਦੀ ਨਿਖੇਧੀ ਨਹੀਂ ਕਰਦੀ ਕੇਵਲ ਇਕ ਬੰਦਿਸ਼ ਲਾਉਂਦੀ ਹੈ, ਉਹ ਬੰਦਿਸ਼ ਇਹ ਹੈ ਕਿ "ਦਾਤਾ ਉਹ ਨ ਮੰਗੀਐ ਮੁੜ ਮੰਗਣ ਜਾਈਐ" ਤਾਂ ਜੋ ਯਾਚਨਾ ਯਾਤਨਾ ਨ ਬਣੇ।

ਗੁਰੂ ਦਰਬਾਰ ਵਿਚ ਵੀ ਲੋਕ ਆਪਣੀਆਂ ਮੰਗਾਂ, ਪੁੱਛਾਂ ਅਤੇ ਮਜਬੂਰੀਆਂ ਲੈ ਕੇ ਆਉਂਦੇ ਰਹਿੰਦੇ ਹਨ, ਜਿਵੇਂ ਇਹ ਪ੍ਰਸੰਗ ਵਿਚ ਝਾਜੂ, ਮੁਕੰਦਾ ਅਤੇ ਕਿਦਾਰਾ ਗੁਰੂ ਅਰਜਨ ਸਾਹਿਬ ਦੇ ਹਜੂਰ ਆਏ ਸਨ : ਉਹਨਾਂ ਦੀ ਪੁੱਛ ਮੁਕਤੀ ਦੇ ਸਾਧਨ ਬਾਰੇ ਸੀ। ਗੁਰੂ ਜੀ ਨੇ ਉਹਨਾਂ ਨੂੰ ਕੀਰਤਨ ਦੇ ਮਾਰਗ ਪਾਇਆ। ਝਾਜੂ ਅਤੇ ਉਸ ਦੇ ਸਾਥੀਆਂ ਅਰਦਾਸ ਕੀਤੀ ਜੀ ! ਬਾਣੀ ਦੇ ਪਾਠ ਦੇ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਵਲ ਕਹੀਐ:

ਬਚਨ ਹੋਆ ਬਾਣੀ ਦਾ ਪਾਠ ਇਹੁ ਹੈ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬ ਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਈਦਾ ਹੈ, ਜੋ ਖੂਹ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ।

ਫੇਰ ਕੀਰਤਨ ਦਾ ਨਿਖੇੜਾ ਕੀਤਾ ਹੈ ਅਤੇ ਕਥਾ ਦਾ ਅੰਤਰ ਸਮਝਾਇਆ ਹੈ:

"ਤੇ, ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭ ਪੈਲੀਆਂ ਹਰੀਆਂ ਹੁੰਦੀਆਂ ਹਨ। ਤੇ ਕਥਾ ਦਾ ਫਲ ਇਹ ਹੈ ਕਿ ਮੇਘ ਜੋ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਬਰਖਾ ਕਰਦਾ ਹੈ, ਅੱਗੇ ਪੈਲੀਆਂ ਗਾਹੀਆਂ ਹੋਈਆਂ ਸੁਧਾਰੀਆ ਹੋਵਨ ਜੋ ਜੋ ਬੂੰਦ ਪਵੇ ਵਿਚ ਧਰਤੀ ਤੇ ਸਮਾਵਦੀ ਜਾਵੇ, ਤੈਸੇ ਜੋ ਸਮਝਵਾਨ ਸਿੱਖ ਹੁੰਦੇ ਹਨ, ਜੋ ਜੋ ਕਥਾ-ਕੀਰਤਨ ਕਰਦੇ ਹਨ ਤੇ ਵਾਰਤਾ ਸੁਣਦੇ ਹਨ ਸੋ ਸੋ ਰਿਦੇ ਵਿਚ ਧਾਰਦੇ ਜਾਂਦੇ ਹਨ, ਉਹਨਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ। ਕਥਾ ਤੇ ਕੀਰਤਨ ਦੋਵੇਂ ਮਿਲੇ ਹੋਏ ਸਭਾ ਪਾਂਵਦੇ ਹਨ।"

ਇਹਨਾਂ ਸਾਖੀਆਂ ਵਿਚ ਸਾਡੇ ਸਾਹਮਣੇ ਦੋ ਕਿਰਦਾਰ ਹਨ ਅਤੇ ਦੋ ਹੀ ਸਥਿਤੀਆਂ ਹਨ। ਇਕ ਵੰਨੇ ਸੱਤਾ ਅਤੇ ਬਲਵੰਡ ਹਨ ਅਤੇ ਦੂਜੇ ਵੰਨੇ ਹਨ ਝਾਜੂ-ਮੁਕੰਦੂ ਅਤੇ ਕਿਦਾਰਾ। ਕਥਾ ਦੇ ਕਲੇਵਰ ਵਿਚ ਇਹ ਦੋਵੇਂ ਦੋ ਕੀਰਤਨੀ ਜੱਥੇ ਮਾਤਰ ਹਨ। ਦੋਹਾਂ ਦਾ ਕਿਰਦਾਰ ਵਿਅਕਤੀ-ਪ੍ਰਧਾਨ ਕਿਰਦਾਰ ਹੈ। ਇਹ ਕਿਰਦਾਰ ਸਮਕਾਲੀ ਅਹਿਸਾਸ ਨੇ ਜਿਸ ਰੂਪ ਵਿਚ ਨਿਖਾਰਿਆ ਪਰਖਿਆ ਹੈ, ਉਸ ਉੱਤੇ ਵਿਅਕਤੀਗਤ ਦੀ ਛਾਪ ਹੈ। ਪਰ, ਸਮੇਂ ਅਤੇ ਸਥਿਤੀ ਦੀ ਵਿੱਥ ਪਾਰੋਂ ਦੇਖੀਏ ਤਾਂ, ਕਿਸੇ ਵੱਡੇ ਭੁਲੇਖੇ ਦਾ ਸ਼ਿਕਾਰ ਹੋਏ ਬਿਨਾਂ, ਇਹ ਸਮਝ ਲੈਣਾ ਦੂਰ ਦੀ ਛਾਲ ਨਹੀਂ ਹੋਵੇਗੀ ਕਿ ਇਹ ਦੋਵੇਂ ਜੱਥੇ ਵਿਅਕਤੀ ਉਤਨੇ ਨਹੀਂ ਰਹਿ ਗਏ ਜਿਤਨੇ ਕਿ ਮਾਨਸਿਕ ਪ੍ਰਤਿਕਰਮੀ ਟਾਈਪ (ਪ੍ਰਤੀਕਾਤਮਕ) ਸਿੱਧ ਹੋਣਗੇ।

ਬਲਵੰਡ ਇਕ ਯੁੱਗ ਦੀ ਸ਼ੰਕਾਲੂ ਆਤਮਾ ਹੈ ਜੋ ਅੱਜ ਦੇ ਖੱਬੇ ਪੱਖੀ ਕਾਮੇ ਵਾਂਗੂ ਸੋਚਦਾ ਅਤੇ ਵਿਚਰਦਾ ਹੈ। ਇਕ ਸਦੀ ਨੂੰ ਢੁੱਕਦੀ ਉਮਰ, ਇਸ ਉੱਪਰ ਸੀ ਦੋ ਤਿਹਾਈ ਕਾਲ ਜਿੰਨਾ ਗੁਰੂ ਦੇ ਹਜੂਰੇ ਕੀਰਤਨ ਦੀ ਪੂੰਜੀ ਦੀ ਥੁੜ੍ਹ ਹੱਥੋਂ ਦੋ ਵਾਰ ਜੁਆਨੀ ਪਹਿਰੇ ਗੁਰੂ ਅੰਗਦ ਸਾਹਿਬ ਦੇ ਹਜੂਰ ਸਿਦਕ ਤੋਂ ਥਿੜਕਦਾ ਹੈ। ਪਹਿਲੀ ਵਾਰੀ ਉਸਦੀ ਮੰਗ ਹੈ ਕਿ ਗੁਰੂ ਦੀ ਗੋਲਕ ਦੀ ਮਾਲਕੀ ਵਿਚ ਕੀਰਤਨੀ ਜੱਥੇ ਦਾ ਅੱਧ ਹੋਣਾ ਚਾਹੀਦਾ ਹੈ ਕਿਉਂਕਿ ਗੁਰੂ ਬਾਣੀ ਰਚਦਾ ਹੈ ਅਤੇ ਉਹ ਬਾਣੀ ਗਾ ਕੇ ਲੋਕਾਂ ਤਕ ਪਹੁੰਚਾਉਂਦੇ ਹਨ। ਸਪਸ਼ਟ ਹੈ ਉਹ ਗੋਲਕ ਨੂੰ ਉਸੇ ਪ੍ਰਕਾਰ ਸ਼ਖਸੀ ਮਿਲਖ ਸਮਝਦੇ ਹਨ ਜਿਵੇਂ ਗੁਰੂ ਕੇ ਸਾਹਿਬਜਾਦੇ।

ਦੂਜੀ ਘਟਨਾ ਵਿਚ, ਸ਼ਾਇਦ, ਕੁਝ ਸਮਾਂ ਹੋਰ ਲੰਘ ਗਿਆ ਹੈ ਅਤੇ ਪਿਛਲੀ ਵਾਰੀ ਜੋ ਸੰਗਤ ਦੀ ਵਿਚੋਲਗੀ

ਵਿਚ ਪਾ ਕੇ ਭੁੱਲ ਬਖਸ਼ਾਉਣੀ ਪਈ ਸੀ ਉਸਦੀ ਕਾਵੜ ਵਿਹੁ ਵਾਂਗ ਮਨ ਵਿਚ ਬਦਸਤੂਰ ਘੁਲੀ ਹੋਈ ਹੈ, ਉਹ ਜਿਵੇਂ ਮੌਕੇ ਦੀ ਉਡੀਕ ਵਿਚ ਹੈ ਜਦੋਂ ਉਹ ਇਹ ਦਰਸਾ ਸਕੇ ਕਿ ਦਰਬਾਰ ਦਾ ਸ਼ਾਸਨ ਲੋੜ ਨਾਲੋਂ ਵੱਧ ਸਖਤ ਹੈ ਅਤੇ ਉਸਦਾ ਕਲਾਕਾਰ ਇਸ ਬੰਧਨ ਭਰੇ ਮਾਹੌਲ ਵਿਚ ਘੁਟਿਆ ਘੁਟਿਆ ਪ੍ਰਤੀਤ ਕਰਦਾ ਹੈ। ਉਹ ਸਮਝਦਾ ਹੈ ਕਿ ਉਹ ਗੁਰੂ ਜੀ ਦਾ ਹਜ਼ੂਰੀ ਕੀਰਤਨੀਆ ਹੈ, ਕਿਸੇ ਸਿੱਖ ਦੀ ਮੰਗ ਉੱਤੇ ਉਸ ਦੇ ਅੱਗੇ ਬੈਠ ਕੇ ਸ਼ਬਦ ਗਾਉਣਾ ਉਸ ਦੇ ਰੁਤਬੇ ਨੂੰ ਨੀਵਾਂ ਕਰੇਗਾ, ਬਿਨਾਂ ਇਹ ਵਿਚਾਰੇ ਕਿ ਗੁਰੂ ਜੀ ਦੀ ਨਜ਼ਰ ਵਿਚ ਆਪਣੇ ਸਿੱਖਾਂ ਦਾ ਕੀ ਰੁਤਬਾ ਹੈ।

ਤੀਸਰੀ ਘਟਨਾ ਪੰਚਮ ਪਾਤਸ਼ਾਹ ਦੇ ਸਮੇਂ ਵਾਪਰੀ ਮੰਨੀ ਜਾਂਦੀ ਹੈ। ਇਸ ਵਾਰੀ ਮੀਣਿਆਂ ਦੀ ਚੁੱਕ ਵੀ ਕਾਰਗਰ ਸੀ। ਰੋਸੇ ਦਾ ਠੁਣ੍ਹਾ ਭੰਨਣ ਲਈ ਲੜਕੀ ਦੇ ਵਿਆਹ ਦਾ ਅਵਸਰ ਵਿਚ ਆ ਜੁੜਿਆ, ਜੋ ਇਹ ਜਾਣ ਬੁੱਝ ਕੇ ਉਭਾਰਿਆ ਕਾਰਨ ਨਾ ਹੁੰਦਾ ਤਾਂ ਜਦੋਂ ਗੁਰੂ ਜੀ ਆਪ ਚੱਲ ਕੇ ਇਹਨਾਂ ਦੇ ਘਰ ਮਨਾਉਣ ਲਈ ਗਏ ਸਨ ਉਸ ਸਮੇਂ ਗੁੰਝਲ ਦਾ ਹੱਲ ਲੱਭਣਾ ਅਸੰਭਵ ਨਹੀਂ ਸੀ। ਘਰ ਚੱਲ ਕੇ ਮਨਾਉਣ ਆਏ ਮਾਲਕ ਨਾਲ ਕੋਈ ਸਿੱਧੀ ਗੱਲ ਕਰਨ ਦੀ ਥਾਂਵੇਂ, ਤੋੜ-ਵਿਛੋੜ ਨੂੰ ਉਕਸਾਉਣ ਲਈ, ਮਾਲਕ ਦੇ ਵੱਡ-ਵਡੇਰਿਆਂ ਦੀ ਆਣ ਨੂੰ ਪੁਣਨਾ ਜਾਣ ਬੁਝ ਕੇ ਕੀਤੀ ਉਤੇਜਿਕ ਗੁਸਤਾਖੀ ਸੀ, ਬਿਨਾ ਕਿਸੇ ਸ਼ੰਕੇ ਦੇ ਇਹ ਕਾਰਵਾਈ ਚੁੱਕ ਵਿਚ ਆਏ ਕਾਮੇ ਦੀ ਮੂਰਖਤਾ ਸੀ, ਜਿਸ ਦਾ ਫਲ ਮੁੜ ਤਰਲਿਆਂ ਨਾਲ ਖਿਮਾ ਪ੍ਰਾਪਤ ਕਰਨਾ ਸੀ।

ਦੀਵਾਨ ਵਿਚ ਸਤਿਗੁਰੂ ਦੇ ਹਜ਼ੂਰ ਅਤੇ ਸੰਗਤ ਵਿਚ ਸਿੱਖਾਂ ਦੀ ਅਭਿਲਾਖਾ ਦੇਖ ਕੇ ਨਿਹਕਾਮ ਕੀਰਤਨ ਕਰਨ ਵਾਲਿਆਂ ਦਾ ਪ੍ਰਤੀਕ ਝਾਜੂ ਮੁਕੰਦੂ ਅਤੇ ਕਿਦਾਰਾ ਹਨ। ਉਹਨਾਂ ਬਾਬਤ ਲਿਖਿਆ ਹੈ ਕਿ ਉਹ ਆਪਣਾ ਸਰੀਰ ਦਾ ਨਿਰਬਾਹ ਉਸ ਧਨ ਨਾਲ ਹੀ ਕਰਦੇ ਸਨ ਜੋ ਸੰਗਤਾਂ ਉਹਨਾਂ ਨੂੰ ਆਪਣੀ 'ਸ਼ਰਧਾ ਸੰਜੁਗਤ' ਸੇਵਾ ਕਰ ਦੇਣ 'ਉਸੇ ਥੀਂ ਕਰਦੇ ਸਨ ਅਤੇ ਨਾਲ ਕੀਰਤਨ ਕਰਨ ਤੋਂ ਪਹਿਲਾਂ ਹੀ ਇਹ ਅੜੀ ਕਰਦੇ ਸਨ ਅਤੇ ਨਾਲ ਕੀਰਤਨ ਕਰਨ ਤੋਂ ਪਹਿਲਾਂ ਹੀ ਇਹ ਅੜੀ ਕਰਦੇ ਸਨ ਕਿ ਜੇ ਇਤਨੀ ਪੂਜਾ ਮਿਲੇਗੀ ਤਾਂ ਕੀਰਤਨ ਕਰਾਂਗੇ ਨਹੀਂ ਤਾਂ ਨਹੀਂ ਕਰਾਂਗੇ। ਇਹੋ ਵਰਤਾਰਾ ਸਿੱਖ-ਰਾਜ ਦੇ ਸਮੇਂ ਤਕ ਚਲਦਾ ਰਿਹਾ ਹੈ।

ਹਕੀਕਤ ਇਹ ਹੈ ਕਿ ਇਹਨਾਂ ਦੋਹਾਂ ਸਾਖੀਆਂ ਵਿਚ ਕਈ ਇਤਿਹਾਸਕ ਤੱਥ ਲੁਕੇ ਹੋਏ ਹਨ ਜਿਨਾਂ ਵੱਲ ਅਸੀਂ ਵਿਗੜੀਆਂ ਰਹੁ-ਰੀਤਾਂ ਦੀ ਛਾਇਆ ਬਾਰੇ ਕਦੇ ਧਿਆਨ ਨਹੀਂ ਦਿੱਤਾ। ਬਲਵੰਡ ਦੂਜੇ ਸਤਿਗੁਰੂ ਦੇ ਹਜ਼ੂਰ ਮੰਗ ਕਰਦਾ ਹੈ ਤਾਂ ਗੋਲਕ ਵੰਡ ਜਾਣ ਦੀ ਪੰਚਮ ਪਾਤਸ਼ਾਹ ਦੇ ਹਜ਼ੂਰ ਮੰਗ ਕਰਦਾ ਹੈ ਲੜਕੀ ਦੇ ਵਿਆਹ ਦੇ ਖਰਚ ਲਈ ਤਾਂ ਇਕ ਦਿਨ ਦੀ ਗੋਲਕ ਵਿਚ ਆਈ ਭੇਟਾ ਦੀ। ਕਿਧਰੇ ਉਸ ਨੂੰ ਸੰਗਤ ਵੱਲੋਂ ਸ਼ਬਦ ਭੇਟ ਦਿੱਤੇ ਜਾਣ ਦਾ ਕੋਈ ਇਸ਼ਾਰਾ ਤਕ ਨਹੀਂ। ਝਾਜੂ ਮੁਕੰਦੂ ਤੇ ਕਿਦਾਰਾ ਹਜ਼ੂਰ ਕੀਰਤਨ ਕਰਦੇ ਹਨ ਤਾਂ ਸੰਗਤ ਵੱਲੋਂ ਸ਼ਬਦ ਭੇਟ ਦਾ ਕੋਈ ਮੌਕਾ ਨਹੀਂ ਹੋ ਸਕਦਾ। ਸੰਗਤ ਵੱਲੋਂ ਸ਼ਰਧਾ ਨਾਲ ਦਿੱਤਾ ਕੋਈ ਟਕਾ-ਪੈਸਾ ਦਰਬਾਰ ਵਿਚ ਭੇਟ ਨਹੀਂ ਹੋ ਸਕਦਾ ਸੀ ਕਿਉਂਕਿ ਗੁਰੂ ਦੀ ਹਜ਼ੂਰੀ ਵਿਚ ਇਹ ਸੰਭਵ ਨਹੀਂ ਸੀ। ਨਿਸ਼ਚੇ ਨਾਲ ਕਹਿ ਸਕਦੇ ਹਾਂ ਇਹ ਭੇਟਾ ਉਹਨਾਂ ਨੂੰ ਉਸ ਸਮੇਂ ਅਰਪਣ ਕੀਤੀ ਜਾਂਦੀ ਹੋਵੇਗੀ ਜਦੋਂ ਉਹ ਕਿਸੇ ਸਿੱਖ ਦੇ ਘਰ ਕੀਰਤਨ ਕਰਨ ਜਾਂਦੇ ਹੋਣਗੇ। ਗੁਰੂ ਕੇ ਦਰਬਾਰ ਗੁਰੂ ਦੀ ਹਜ਼ੂਰੀ ਵਿਚ ਨਾ ਕਿਸੇ ਨੂੰ ਮੱਥਾ ਟੇਕਣ ਦੀ ਰੀਤ ਸੀ ਅਤੇ ਨਾ ਭੇਟ ਅਰਪਣ ਕਰਨ ਦੀ। ਗੁਰੂ ਕੇ ਦਰਬਾਰ ਰਾਜੇ ਅਤੇ ਬਾਦਸ਼ਾਹ ਵੀ ਆਏ ਹਨ, ਉਹਨਾਂ ਲਈ ਕੋਈ ਉਚੇਚ ਨਹੀਂ ਕੀਤਾ ਜਾਂਦਾ ਸੀ। ਬਾਦਸ਼ਾਹ ਨੇ ਗੁਰੂ ਦੇ ਹਜ਼ੂਰ ਮੱਥਾ ਟੇਕਣਾ ਹੁੰਦਾ ਸੀ ਤਕ ਬਾਦਸ਼ਾਹ ਨੂੰ ਉਸ ਸਮੇਂ ਸਲਾਮ ਨਹੀਂ ਕੀਤੀ ਜਾਂਦੀ ਸੀ, ਫੇਰ ਕੀਰਤਨੀਏ ਨੂੰ ਭੇਟਾ ਕਿਵੇਂ ਅਰਪਣ ਕੀਤੀ ਜਾ ਸਕਣੀ ਜਾਇਜ਼ ਹੁੰਦੀ। ਅੱਜ ਜੋ ਰੀਤ ਚਾਲੂ ਹੈ ਇਹ ਗੁਰਮਤਿ ਵਿਰੁੱਧ ਹੈ। ਇਸ ਦਾ ਮੂਲ ਕਿਧਰੇ ਹੋਰ ਹੈ। ਇਸ ਥਾਂ ਸੰਕੇਤ ਹੀ ਕਾਫੀ ਹੈ, ਚਰਚਾ ਦਾ ਅਵਸਰ ਨਹੀਂ।

ਇਕ ਹੋਰ ਸੰਕੇਤ ਇਸ ਸੰਬੰਧ ਵਿਚ ਇਸ ਥਾਂ ਸੰਭਵ ਹੋਵੇਗਾ। ਗੁਰੂ ਸਾਹਿਬਾਨ ਜਦ ਕਦੇ ਵੀ ਕਿਸੇ ਸਿੱਖ ਉੱਤੇ ਕ੍ਰਿਪਾਲ ਹੋ ਕੇ ਉਸ ਦੇ ਨਿਵਾਸ ਉੱਤੇ ਚਰਨ ਪਾਉਂਦੇ ਸਨ ਤਕ ਵਿਦਾਇਗੀ ਸਮੇਂ ਉਸ ਖਤਰ ਦੀ ਸੰਗਤ ਚਰਨ-ਭਟ ਅਰਪਣ ਕਰਦੀ ਸੀ। ਉਸ ਸਮੇਂ ਜੋ ਹਜ਼ੂਰੀ ਸੇਵਕ ਅਤੇ ਕੀਰਤਨੀਏ ਨਾਲ ਹੁੰਦੇ ਸਨ ਉਹਨਾਂ ਨੂੰ ਵੀ ਸਤਿਕਾਰ ਵਜੋਂ ਪੁਸ਼ਾਕੇ ਨਕਦੀ ਆਦਿ ਅਰਪਣ ਕੀਤੀ ਜਾਂਦੀ ਸੀ। ਬਾਦਸ਼ਾਹੀ ਦਰਬਾਰ ਦੀ ਰੀਤ ਅਨੁਸਾਰ ਜਦੋਂ ਉਹ ਭੇਟਾ ਸਤਿਗੁਰੂ ਦੇ ਪੇਸ਼ ਹੁੰਦੀਆਂ ਉਹਨਾਂ ਵਿਚੋਂ ਦਰਬਾਰੋਂ ਕੁਝ ਹੋਰ ਜੋੜ ਕੇ ਉਹਨਾਂ ਸੇਵਕਾਂ ਨੂੰ ਬਖਸ਼ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਸੇਵਕ ਇਸ ਪ੍ਰਕਾਰ ਦੀਆਂ ਭੇਟਾ ਹਾਸਿਲ ਕਰਨਾ ਆਪਣਾ ਅਧਿਕਾਰ ਸਮਝਣ ਲੱਗ ਪਏ। ਸਿੱਖ ਰਾਜ ਦੇ ਢਲਦੇ ਯੁਗ ਵਿਚ ਕੀਰਤਨੀਏ ਦਰਬਾਰ ਵਿਚ ਹੀ ਭੇਟਾ ਕਬੂਲਣ ਲੱਗੇ।

ਬੁਨਿਆਦੀ ਰੀਤ ਇਹੋ ਸੀ ਕਿ ਗੁਰੂ ਕਾਲ ਵਿਚ ਗੁਰਬਾਣੀ ਦਾ ਪਾਠ ਅਤੇ ਥੋੜ੍ਹਾ ਬਹੁਤ ਕੀਰਤਨ ਦਾ ਢੰਗ ਹਰ ਗੁਰ-ਸਿੱਖ ਦੀ ਨਿੱਤ ਕ੍ਰਿਆ ਵਿਚ ਸ਼ਾਮਿਲ ਸੀ। ਇਹ ਵਿੱਦਿਆ ਅਤੇ ਕਲਾ ਦੇ ਮੂਲ ਨਾਲ ਲੋਕ ਮਨ ਨੂੰ ਜੋੜਨ ਦਾ ਇਕ ਮਾਰਗ ਵੀ ਸੀ ਅਤੇ ਗੁਰਸਿੱਖੀ  ਇਸ ਅਸੂਲ ਦੀ ਨੀਂਹ ਵੀ : ਕਿ ਗੁਰਸਿੱਖਾਂ ਵਿਚ ਕੋਈ ਉਦਗੀਥਾਂ, ਪਣੇਸਰਾਂ, ਪੁਰਹਿਤਾਂ ਦੀ ਜਮਾਤ ਨਹੀਂ ਹੋ ਸਕਦੀ।

"ਧ੍ਰਿਗ ਤਿੰਨ੍ਹਾਂ ਦਾ ਜੀਵਿਆ ਜੋ ਲਿਖ ਲਿਖ ਵੇਚੈ ਨਾਉਂ" ਅਤੇ "ਸਾਈ ਪੁਤਰੀ ਜਜਮਾਨ ਕੀ ਸਾ ਤੇਰੀ ਏਤਿ ਧਾਨ ਖਾਧੇ ਤੇਰਾ ਜਨਮ ਗਿਆ"

ਜਿਹੇ ਗੁਰੂ ਵਾਕ ਇਸੇ ਸੋਚਣੀ ਦਾ ਝਲਕਾਰਾ ਹਨ। ਸਿੱਖਾਂ ਦੀ ਨਿੱਤ-ਕ੍ਰਿਆ ਦੀ ਗਤੀ ਜੇ ਕਸਬੀ ਪੰਡਿਆਂ ਦੇ ਹੱਥ ਰਹੀ ਹੁੰਦੀ ਤਾਂ ਅੱਜ ਸਿੱਖ ਜੀਵਨ ਦੀ ਨੁਹਾਰ ਹੋਰ ਹੁੰਦੀ।

ਸਾਖੀ ਸੱਤੇ ਬਲਵੰਡ ਦੀ ਹੋਵੇ ਜਾਂ ਝਾਜੂ-ਮੁਕੰਦੂ ਦੇ ਕਿਦਾਰੇ ਦੀ ਹਰ ਸੂਰਤ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਅਤੇ ਸ਼ਰਧਾਵਾਨ ਗੁਰ-ਸਿੱਖਾਂ ਨੇ ਧਾਰਮਿਕ ਕਿਰਤਾਂ ਵਿਸ਼ੇਸ਼ ਕਰਕੇ ਕੀਰਤਨ ਨੂੰ, ਉਸ ਨਿਵਾਣ ਤਕ ਤਿਲ੍ਹਕਣ ਦਾ ਅਵਸਰ ਨਹੀਂ ਸੀ ਦਿੱਤਾ, ਜਿਸ ਨਿਵਾਣ ਤਕ ਤਿਲ੍ਹਕਣ ਬਾਰੇ ਕਿੰਤੂ ਪਹਿਲੇ ਸਤਿਗੁਰੂ ਜੀ ਨੇ ਆਸਾ ਦੀ ਵਾਰ ਵਿਚ ਕੀਤਾ ਸੀ:

"ਰੋਟੀਆਂ ਕਾਰਨ ਪੂਰਹਿ ਤਾਲ/ ਆਪ ਪਛਾੜਹਿ ਧਰਤੀ ਨਾਲ।ਅਤੇ

ਵਾਇਨ ਚੇਲੇ ਨਚਨਿ ਗੁਰੂ। ਪੈਰ ਹਲਾਇਨ ਫੇਰਨ ਸਿਰੁ।

ਉਡਿ ਉਡਿ ਰਾਵਾ ਝਾਟੇ ਪਾਇ। ਵੇਖੈ ਲੋਕ ਹਸੈ ਘਰ ਜਾਇ।"

ਗੁਰੂ ਕਾਲ ਵਿਚ ਗੁਰੂ ਬਾਣੀ ਦੇ ਕਿਸੇ ਵੀ ਕਾਰਜ ਨੂੰ, ਚਾਹੇ ਉਹ ਪਾਠ ਸੀ, ਚਾਹੇ ਕੀਰਤਨ ਅਤੇ ਚਾਹੇ ਉਹ ਵਿਆਖਿਆ ਸੀ, ਰੋਜ਼ੀ ਦਾ ਕਿੱਤਾ ਨਹੀਂ ਬਣਾਇਆ ਗਿਆ ਸੀ, ਰਬਾਬੀ ਅਤੇ ਢਾਡੀ ਜਾਂ ਰਾਗੀ ਵੀ ਇਸ ਬੰਧਨ ਤੋਂ ਮੁਕਤ ਨਹੀਂ ਸਨ ਬਿਨਾਂ ਇਸ ਵਿਤਕਰੇ ਦੇ ਕਿ ਉਹ ਸੱਤੇ-ਬਲਵੰਡ ਦੀ ਜੋੜੀ ਸੀ ਜਾਂ ਝਾਜੂ-ਮੁਕੰਦੂ ਤੇ ਕਿਦਾਰਾ ਸੀ। ਦੂਜੇ ਵੰਨ੍ਹੇ ਗੁਰ-ਸਿੱਖਾਂ ਵਿਚ ਰੀਤ ਉਸਾਰੀ ਗਈ ਕਿ ਗੁਰੂ ਘਰ ਦਾ ਕੋਈ ਜਾਮਾ ਜੋ ਆਪਣਾ ਸਾਰਾ ਸਮਾਂ ਅਜਿਹੇ ਕਾਰਜਾਂ ਨੂੰ ਅਰਪਣ ਕਰਦਾ ਹੈ, ਸੰਸਾਰਕ ਲੋੜਾਂ ਲਈ ਕਿਸੇ ਹੋਰ ਦਰ ਆਝਾ ਹੋ ਕੇ ਜਾਣ ਲਈ ਮਜਬੂਰ ਨਾ ਹੋਵੇ। ਇਹ ਜ਼ਿੰਮੇਵਾਰੀ ਗੁਰੂ ਦਰਬਾਰ ਜਾਂ ਸਰਦੇ-ਪੁਜਦੇ ਸਿੱਖ ਪਰਿਵਾਰਾਂ ਦੇ ਸਿਰ ਤੇ ਪਾਈ ਗਈ।

ਵਰਤਮਾਨ ਵਿਚ, ਜਿੰਨਾ ਸਿੱਖ ਰਹੁ-ਰੀਤ ਦੀ ਸੰਭਾਲ ਅਤੇ ਰੱਖਿਆ ਦਾ ਚਰਚਾ ਸੁਣੀਦਾ ਹੈ ਕਿਰਦਾਰ ਦੀ ਉਸੇ ਅਨੁਪਾਤ ਵਿਚ ਪਕੜ ਹੱਥੋਂ ਤਿਲ੍ਹਕ ਗਈ ਹੈ। ਗੁਆਂਢੀ ਸਮਾਜਾਂ ਦੀ ਦੇਖਾ ਦੇਖੀ ਦਿਖਾਵੇ ਦੀ ਭੁੱਲ ਵਿਚ ਵਿਤੋਂ

ਬਾਹਰ ਵਾਧਾ ਹੋਇਆ ਹੈ। ਸਿੱਖੀ-ਜੀਵਨ ਦੀ ਸਾਦਗੀ ਦੀ ਥਾਂ ਪੁਰਾਣੀਆਂ ਜ਼ਾਤ ਬਰਾਦਰੀ ਦੀਆਂ ਰਸਮਾਂ ਪ੍ਰਧਾਨ ਹੋ ਰਹੀਆਂ ਹਨ। 'ਮਨ ਹੋਰ ਮੁਖ ਹੋਰ' ਵਾਲੀ ਦਸ਼ਾ ਜ਼ੋਰ ਫੜ ਰਹੀ ਹੈ। ਪੰਡਾ-ਵਾਦੀ ਪ੍ਰਵਿਰਤੀਆਂ ਸਿੱਖ ਪਾਠੀਆਂ, ਕੀਰਤਨੀਆਂ ਅਤੇ ਕਥਾ ਵਾਚਕਾਂ ਦਾ ਜੀਵਨ-ਬਿਉਹਾਰ ਬਣ ਗਈਆਂ ਹਨ। ਆਪ ਗੁਰਮੁਖੀ ਪੜ੍ਹੇ ਗੁਰ-ਸਿੱਖ ਪੜ੍ਹੇ ਗੁਰ-ਸਿੱਖ ਵੀ ਪਾਠ ਕਰਨ ਤੋਂ ਨੱਕ ਵੱਟਦੇ ਹਨ ਜਿਵੇਂ ਇਹ ਕੋਈ ਹੀਣੀ ਊਣੀ ਗੱਲ ਹੋਵੇ। ਮਹਾਨ ਗੁਰ-ਸਿੱਖ ਵੀ ਪਾਠ ਅਤੇ ਕੀਰਤਨ ਦਾ ਮੁੱਲ ਮੰਗਦੇ ਹਨ।

ਕਦੇ ਕਿਸੇ ਨੀਤੀ-ਗਰੰਥ ਵਿਚ ਦੋ ਸੂਕਤੀਆਂ ਪੜ੍ਹੀਆਂ ਹਨ, ਸੰਦਰਭ ਭੁੱਲ-ਭੁਲਾ ਗਿਆ ਹੈ ਅਤੇ ਯਾਦ ਦੀ ਪਕੜ ਵਿਚੋਂ ਅੱਖਰ ਵੀ ਚਿਰੋਕੇ ਖਿਰ ਲਏ ਹਨ ਪਰ ਉਹਨਾਂ ਸੂਕਤੀਆਂ ਦੇ ਭਾਵ ਦੀ ਚੁਭਨ ਚਿੱਤ ਵਿਚ ਬਾਕੀ ਹੈ। ਪਹਿਲੀ ਸੂਕਤੀ ਦਾ ਭਾਵ ਸੀ ਕਿ 'ਜਿਸ ਪਿੰਡ, ਜਿਸ ਬਸਤੀ ਜਾਂ ਜਿਸ ਨਗਰ ਵਿਚ ਪਤਾ ਲੱਗੇ ਕਿ ਉਥੋਂ ਦੇ ਬ੍ਰਾਹਮਣ ਦੇ ਬੱਚੇ, ਉਪਜੀਵਕੀ ਸਾਧਨਾਂ ਦੀ ਤੰਗੀ ਜਾਂ ਅਣਹੋਂਦ ਕਾਰਨ, ਰਾਤ ਨੂੰ ਖਾਲੀ ਪੇਟ ਸੌਣ ਲਈ ਮਜਬੂਰ ਹੁੰਦੇ ਹਨ; ਰਾਜਾ ਨੂੰ ਚਾਹੀਏ ਕਿ ਉਸ ਪਿੰਡ, ਬਸਤੀ ਜਾਂ ਨਗਰ ਨੂੰ ਸਣੇ ਉਸ ਦੀ ਵਸੋਂ ਦੇ ਤਤਕਾਲ ਅਗਨੀ ਭੇਟ ਕਰ ਦੇਵੇ। ਇਸ ਮਾਮਲੇ ਵਿਚ ਕਿਸੇ ਉਜਰ ਅਰਜ਼ੀ ਉੱਤੇ ਕੰਨ ਨਾ ਧਰਿਆ ਜਾਵੇ ਇਹ ਅਨਿਆਈ ਲੋਕਾਂ ਦੀ ਵਸੋਂ ਹੈ।"

ਦੂਜੀ ਸੂਕਤੀ ਦਾ ਭਾਵ ਹੋਰ ਵੀ ਕਰੂਰ ਵਿਉਹਾਰ ਦਾ ਆਦੇਸ਼ ਦਿੰਦਾ ਸੀ। ਉਸ ਵਿਚ ਕਿਹਾ ਗਿਆ ਸੀਃ ਜਿਸ ਪਿੰਡ, ਬਸਤੀ ਜਾਂ ਨਗਰ ਵਿਚ ਸੂਚਨਾ ਮਿਲੇ ਕਿ ਉਥੋਂ ਦੇ ਬ੍ਰਾਹਮਣ ਦੀ ਪੂੰਜੀ ਸਮੇਂ ਦੇ ਪ੍ਰਚਲਿਤ ਤੇ ਵਿਉਹਾਰਕ ਸਿੱਕਿਆਂ 'ਚ ਇਕ ਸੌ ਤੋਂ ਜ਼ਿਆਦਾ ਹੈ ਉਸ ਬ੍ਰਾਹਮਣ ਨੂੰ, ਸਣੇ ਪਰਿਵਾਰ ਦੇ, ਤਿਲਾਂ ਵਾਂਗ ਘਾਣੀ ਵਿਚ ਨਪੀੜ ਕੇ ਮੁਕਾ ਦਿੱਤਾ ਜਾਵੇ। ਅਜਿਹੇ ਬ੍ਰਾਹਮਣ ਦਾ ਪਰਿਵਾਰ ਮਾਰਨ ਨਾਲ ਰਾਜਾ ਨੂੰ ਬ੍ਰਹਮਣ ਹੱਤਿਆ ਦਾ ਪਾਪ ਨਹੀਂ ਲੱਗੇਗਾ, ਕਿਉਂਕਿ ਅਜਿਹਾ ਬ੍ਰਾਹਮਣ ਧਰਮ ਦਾ ਆਚਰਣ ਤਿਆਗ ਚੁੱਕਾ ਹੈ। ਆਚਾਰੀਆ ਦਾ ਆਦੇਸ਼ ਬੜਾ ਨਿਰਦਈ ਹੈ, ਪਰ ਸ਼ਾਸਨ ਅਤੇ ਨਿਆਂ ਦੇ ਮਾਮਲਿਆਂ ਵਿਚ ਜੋ ਰਾਜਾ ਨਰਮੀ ਕਰਦਾ ਹੈ ਉਹ ਅਧਰਮ ਨੂੰ ਵਧਣ ਫੁੱਲਣ ਦਾ ਸੱਦਾ ਦਿੰਦਾ ਹੈ।

ਸਮ੍ਰਿਤੀ-ਕਾਲ ਵਿਚ ਮਨੁੱਖੀ ਪਰਿਵਾਰਾਂ ਦੀਆਂ ਲੋੜਾਂ-ਥੋੜਾਂ ਬੇਹੱਦ ਸੀਮਤ ਅਤੇ ਕੀਮਤਾਂ ਘੱਟ ਤੋਂ ਘੱਟ ਦੇ ਕਿਸੇ ਵੀ ਅਨੁਮਾਨ ਨਾਲੋਂ ਕਿਤੇ ਘੱਟ ਹੁੰਦੀਆਂ ਸਨ। ਯਕੀਨਨ ਸਮੇਂ ਦੇ ਸੌ ਵਿਉਹਾਰਕ ਸਿੱਕੇ ਚੋਖੀ ਵੱਡੀ ਪੂਜੀ ਸਮਝੇ ਜਾਂਦੇ ਹੋਣਗੇ। ਜਿਸ ਕਾਰਨ ਅਜਿਹੀ ਕਰੜੀ ਵਿਵਸਥਾ ਕੁ-ਨਿਆਂ ਨਹੀਂ ਕਹੀ ਜਾ ਸਕਦੀ ਹੋਵੇਗੀ। ਇੰਜ ਨਾ ਹੁੰਦਾ ਤਾਂ ਆਚਾਰੀਆ ਨੀਤੀਕਾਰ ਅਜਿਹੀ ਵਿਵਸਥਾ ਕਦੇ ਨਾ ਦਿੰਦਾ। ਆਖਿਰ ਵਿਵਸਥਾ ਦੇਣ ਵਾਲਾ ਵੀ ਤਾਂ ਬ੍ਰਾਹਮਣ ਹੀ ਹੋਵੇਗਾ। ਸਮਾਜ ਨੂੰ ਨਿਆਂਕਾਰੀ ਹਦ-ਬੰਦੀਆਂ ਵਿਚ ਸੁਖਾਵਾਂ ਵਿਚਰਦਾ ਰੱਖਣ ਲਈ ਇਹੋ ਜਿਹੇ ਪ੍ਰਤਿ-ਬਿੰਬ, ਹਰ ਯੁੱਗ ਵਿਚ, ਸਮੇਂ ਦੇ ਧਰਮ-ਕਰਮ ਦੇ ਪ੍ਰਬੰਧਕ ਆਚਾਰੀਆ ਨੂੰ ਪ੍ਰਜਾ ਦੇ ਹਿਤਾਂ ਲਈ ਆਪਣੇ ਉਹਨਾਂ ਵਰਗਾਂ ਦੇ ਜੀਵਨ-ਆਚਾਰ ਉੱਤੇ ਆਰੰਪਿਤ ਕਰਨੇ ਪੈਂਦੇ ਹਨ।

ਮਨਸ਼ਾ ਇਹ ਹੁੰਦਾ ਸੀ ਕਿ ਸਮਾਜ ਵਿਚ ਕੋਈ ਬੁੱਧੀ-ਵਾਦੀ ਕਲਾ-ਜੀਵੀ ਜਾਂ ਗਿਆਨ-ਜੀਵਨ ਆਪਣੇ ਕਿੱਤੇ ਦੇ ਰੁਝੇਵਿਆਂ ਵਿਚ ਉਲਝਿਆ ਪਰਿਵਾਰ ਦੀ ਉਪਜੀਵਿਕਾ ਜੁਟਾ ਸਕਣੋ ਆਰੀ ਹੋ ਕੇ ਨਾ ਰਹਿ ਜਾਵੇ ਜਾਂ ਆਝਾ ਨਾ ਹੋ ਜਾਵੇ। ਇਹ ਵੀ ਦੇਖਣਾ ਜ਼ਰੂਰੀ ਹੈ ਕਿ ਕੋਈ ਚਤੁਰ ਸੂਝਵਾਨ ਆਪਣੀ ਬਦਨੀਤੀ ਨਾਲ ਸਾਧਾਰਣ ਬੰਦਿਆਂ ਦੀ ਖੱਲ ਨਾ ਲਾਹ ਕੇ ਨਾਹਕ ਆਪਣਾ ਘਰ ਭਰਦਾ ਰਹੇ। ਇਹ ਇਕ ਸੁਚੱਜੇ ਸੰਗਠਿਤ ਅਤੇ ਸੁਐ-ਸਮਰਥ ਸਮਾਜ ਦਾ ਸੰਤੁਲਿਤ ਸੰਕਲਪ ਸੀ। ਅਜਿਹੇ ਸਮਾਜ ਦਾ ਇਸ ਵਿਚ ਆਦਰਸ਼ਕ ਕੀਮਤਾਂ ਕਦਰਾਂ ਨੂੰ ਵਿਸ਼ੇਸ਼ ਮਾਣ ਦੇਣ ਦੀ ਰੀਤ ਹੋਵੇ। ਅਜਿਹਾ ਸਮਾਜ ਜਿਸ ਵਿਚ ਕੋਈ ਨ ਪਕੜੀਐ ਕਿਸੇ ਥਾਇ ਦਾ ਨਿਯਮ ਦ੍ਰਿੜ ਕਰ ਕੇ ਪਾਲਿਆ ਜਾਵੇ।

ਇਕ ਨਵੇਂ ਸਮਾਜ ਦੀ ਸਿਰਜਣ ਦੀ ਲੋੜ ਤਦੋਂ ਤੋਂ ਪਈ ਜਦੋਂ ਤੋਂ ਪੱਛਮੀ ਇਸਲਾਮੀ ਧਾੜਾਂ ਨੇ ਭਾਰਤੀ ਸੰਸਕ੍ਰਿਤੀ ਦੀਆਂ ਨੀਹਾਂ ਨੂੰ ਕੁਰੇਦਣਾ ਆਰੰਭਿਆ। ਡਾ. ਰਾਮ ਰਤਨ ਭਟਨਾਗਰ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ:

"ਇਸਲਾਮ ਦੀ ਅਰੋਕ ਜਿੱਤ ਦੇ ਫਲ-ਸਰੂਪ ਰਾਜਪੂਤ ਯੁਗ ਦੀ ਸੰਸਕ੍ਰਿਤੀ ਦਾ ਤਲਾ-ਮੂਲ ਉਖੜ ਗਿਆ ਅਤੇ ਉਸ ਦੇ ਥਾਂ ਵਿਦੇਸ਼ੀ ਅਤੇ ਵਿਜਾਤੀ ਇਸਲਾਮੀ ਸੰਸਕ੍ਰਿਤੀ ਹੀ ਆਪਣਾ ਚੋਲਾ ਬਦਲ ਕੇ ਆ ਟਿਕੀ।"-1500 ਈ: ਤੋਂ ਪਿੱਛੋਂ ਵੈਸ਼ਨਵ ਸੰਸਕ੍ਰਿਤੀ ਉੱਤਰ-ਭਾਰਤ ਵਿਚ ਸਾਰੇ ਛਾ ਜਾਂਦੀ ਹੈ ਅਤੇ ਨਵਾਂ-ਜੀਵਨ ਆਦਰਸ਼ ਮਹਾਨ ਸਾਧਕਾਂ ਅਤੇ ਕਵੀਆਂ ਦੀ ਸਾਧਨਾਂ ਵਿਚ ਪੂਰੀ ਤਰ੍ਹਾਂ ਵਿਗਸ ਜਾਂਦਾ ਹੈ। ਕਲਾ-ਕੰਵਲ ਦੇ ਹਜ਼ਾਰ ਦਲ ਖੁੱਲ੍ਹਣ ਲਗਦੇ ਹਨ ਅਤੇ ਨਵੇਂ ਕੰਠ, ਨਵੇਂ ਸੁਰ, ਨਵੇਂ ਸੁਪਨੇ ਨਵੇ ਰੂਪ, ਨਵੇਂ ਸਾਹਿਤ, ਨਵੇਂ ਸੰਗੀਤ, ਨਵੇਂ ਚਿਤ੍ਰ ਅਤੇ ਨਵੀਆਂ ਕਿਰਤਾਂ ਦੇ ਰੂਪ ਵਿਚ ਨਵੀਂ ਜਾਗ੍ਰਤਿ ਬਣ ਜਾਂਦੇ ਹਨ:-

ਡਾ. ਭਟਨਾਗਰ ਚੌਦ੍ਹਵੀਂ ਸਦੀ ਵਿਚ ਨਾਮਦੇਵ ਨੂੰ ਪੰਜਾਬ ਵਿਚ ਵੈਸ਼ਨਵ-ਵਾਦ ਦਾ ਪ੍ਰਚਾਰ ਕਰਦਾ ਦੇਖਦੇ ਹਨ, ਸਰਹੰਦ ਨੂੰ ਨਾਮਦੇਵ ਦੇ ਸਮੇਂ ਵੈਸ਼ਨਵ-ਵਾਦ ਦਾ ਕੇਂਦਰ ਬਣ ਗਿਆ ਮੰਨਦੇ ਹਨ (ਸੂਚਨਾ ਦਾ ਸਰੋਤ ਨਹੀਂ ਦਿੱਤਾ) ਫਿਰ ਕਹਿੰਦੇ ਹਨ "ਪੰਦ੍ਹਵੀਂ ਸਦੀ ਵਿਚ ਵੈਸ਼ਨਵ ਸਾਧਨਾ, ਨਿਗਰੁਣ ਸਾਧਨਾਂ ਦੇ ਰੂਪ ਵਿਚ ਫੈਲੀ। ਸਰਹਿੰਦ ਵਿਚ ਅਤੇ ਪੂਰਬੀ ਪੰਜਾਬ ਵਿਚ ਵਿਗਸੀ। ਇਸਦੇ ਪਹਿਲੇ ਮੋਢੀ ਗੁਰੂ ਨਾਨਕ ਕਹੇ ਜਾ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵੈਸ਼ਨਵ ਭਾਵਨਾ ਦੇ ਨਿਰਗੁਣ ਰੂਪ ਦਾ ਬੜਾ ਵਿਸਤਾਰ ਸੰਕਲਿਤ ਹੈ।

ਡਾ. ਭਟਨਾਗਰ ਦੀ ਗੁਰੂ ਸਾਹਿਬਾਨ (ਖਾਸ ਕਰਕੇ ਗੁਰੂ ਨਾਨਕ ਜੀ) ਬਾਰੇ ਜਾਣਕਾਰੀ ਬਹੁਤ ਓਪਰੀ ਹੈ। ਆਪਣੇ ਲੇਖ ਵਿਚ ਆਪ ਹੀ ਜੋ ਵੇਰਵਾ ਵੈਸ਼ਨਣਵਵਾਦ ਦੇ ਵਿਕਾਸ ਦਾ ਦਿੱਤਾ ਹੈ ਉਸੇ ਵਿਚ ਹੀ ਵੈਸ਼ਣਵਵਾਦ ਵਿਚ ਪਏ ਰਲਿਆ ਅਤੇ ਖੋਟ ਦਾ ਵੀ ਬਿਓਰਾ ਦਿੱਤਾ ਹੈ, ਉਸ ਨੂੰ ਵੇਖਦੇ ਹੋਏ ਕੋਈ ਸੁਝਵਾਨ ਗੁਰੂ ਨਾਨਕ ਜੀ ਨੂੰ ਉਸ ਗੰਧਲੇ ਵੈਸ਼ਨਵ-ਵਾਦ ਦਾ ਪੱਖੀ ਕਹਿਣ ਦੀ ਭੁੱਲ ਨਹੀਂ ਕਰ ਸਕਦਾ। ਆਪਣਾ ਇਹ ਕਥਨ ਕਿ "ਅਸਲੋਂ ਵੈਸ਼ਣਵ ਧਰਮ ਦੇ ਮੱਧ-ਯੁੱਗੀ ਉਤਥਾਨ ਨੂੰ ਗੁਪਤ ਯੁਗ ਦੇ ਪੁਰਾਣਕ ਅਤੇ ਤਾਂਤ੍ਰਿਕ ਸੰਸਕ੍ਰਤੀਆਂ ਨਾਲ ਪੂਰੀ ਤਰ੍ਹਾਂ ਸੰਬੰਧਿਤ ਕੀਤਾ ਜਾ ਸਕਦਾ ਹੈ", ਕਹਿਣ ਤੋਂ ਪਿੱਛੋਂ ਗੁਰੂ ਜੀ ਦੇ ਉਸ ਪੱਖ-ਪਾਤੀ ਹੋਣ ਦਾ ਸੰਦੇਹ ਵੀ ਨਹੀਂ ਕੀਤਾ ਜਾ ਸਕਦੇ। ਗੁਰੂ ਨਾਨਕ ਦੇ ਚਿੰਤਨ ਨੂੰ ਸਮਝਣ ਲਈ ਸਾਨੂੰ ਯੋਗ, ਵੇਦਾਂਤ ਅਤੇ ਨਿਟਾਯ ਦੀ ਪਰਿਭਾਸ਼ਾ ਵੱਖਰੀ ਕਰਨੀ ਹੋਵੇਗੀ। ਉਹਨਾਂ ਦਾ ਯੋਗ ਕੀਰਤਨ-ਯੋਗ ਹੈ ਜਿਸ ਵਿਚ ਗਤੀ, ਸੁਰ ਅਤੇ ਸ਼ੁਬਦ ਇਕ ਦੂਜੇ ਨਾਲ ਜੁੜ ਕੇ ਨਵੀਂ ਸਾਰਥਕਤਾ ਬਣਾਉਂਦੇ ਹਨ। ਗੁਰੂ ਦਾ ਵੇਦਾਂਤ, ਵੇਦਾਂਤ ਸੁਝਾਉਂਦਾ ਹੈ "ਅਨਿਕ ਭਾਂਤਿ ਹੋਇ ਪਸਾਰਆ ਨਾਨਕ ਏਕੰਕਾਰ" ਅਤੇ ਨਿਆਯ ਹੈ "ਹਮ ਨਹੀਂ ਚੰਗੇ ਬੁਰਾ ਨਹੀਂ ਕੋਈ।" ਡਾ. ਹਜ਼ਾਰੀ ਪ੍ਰਸਾਦ ਦਾ ਮਤ ਹੈ:

"ਗਤਿ ਅਸੀਮ ਹੈ, ਤਾਲਾਂ ਵਿਚ ਬੱਝ ਕੇ ਸੀਮਤ ਹੋ ਜਾਂਦੀ ਹੈ ਅਤੇ ਇਕ ਰੂਪ ਗ੍ਰਹਿਣ ਕਰਦੀ ਹੈ", "ਸੁਰ ਅਨੰਤ ਹੈ, ਛੰਦ ਉਸਨੂੰ ਸੀਮਾ ਵਿਚ ਬੰਨਣ ਦਾ ਪ੍ਰਯਤਨ ਹੈ", ਇਵੇਂ ਹੀ ਸ਼ਬਦ ਅਸੀਮ ਹੈ, ਅਪਾਰ ਹੈ, ਅਰਥ ਰਾਹੀਂ ਉਸ ਨੂੰ ਭਾਸ਼ਾ ਵਿਚ ਬੰਨ੍ਹੀਦਾ ਹੈ। ਇਹਨਾਂ ਦਾ ਜੁੜਨਾ ਹੀ ਕੀਰਤਨ ਹੈ।

ਇਸ ਕੀਰਤਨ ਦਾ ਮਹੱਤਵ ਇਕ ਨਵਾਂ ਮਨੁੱਖ ਸਿਰਜਣ ਵਿਚ ਹੈ, ਉਹ ਨਵਾਂ ਮਨੁੱਖ ਜੋ ਕੀਰਤਨ ਲਈ ਜੁੜੀ ਸੰਗਤ ਵਿਚੋਂ ਜਨਮ ਲੈਂਦਾ ਹੈ ਅਤੇ ਜਿਸਦਾ ਨਿਸ਼ਾਨਾ ਇਕ ਦੂਜੇ ਨੂੰ ਸਾਂਝਾਂ ਰਾਹੀਂ ਸਮਝਣਾ ਸਮਝਾਉਣਾ ਹੈ। ਜਿਸ ਨੂੰ ਇਸ ਆਪਸੀ ਬੋਧ ਤੋਂ ਪਤਾ ਚਲਦਾ ਹੈ:

"ਐਸੀ ਕਲਾ ਨ ਖੇਡੀਐ ਜਿਤੁ ਦਰਗਹਿ ਗਇਆ ਹਾਰੀਐ।"

ਅਤੇ, ਜਿਸ ਦੇ ਜੀਵਨ ਦਾ ਆਦਰਸ਼ ਇਹੋ ਰਹੇ।

ਅਜਿਹੇ ਸਮਾਜ ਵਿਚ ਵੈਰ, ਵਿਰੋਧ, ਬਖੀਲੀ, ਹਿੰਸਾ, ਦੁਰੈਤ, ਛੂਤ-ਛਾਤ, ਊਚ-ਨੀਚ ਜਿਹੇ ਸੰਕਲਪਾਂ ਲਈ ਅਵਸਰ ਹੀ ਨਹੀਂ ਬਚ ਰਹਿੰਦਾ। ਜ਼ਿੰਦਗੀ ਆਪਣੀ ਜੀਵਨ-ਯਾਤਰਾ ਦੇ ਮਾਰਗ ਉੱਤੇ ਇਕ ਨਵਾਂ ਅਤੇ ਸੁਖਾਵਾਂ ਮੋੜ ਕੱਟਣ ਦੀ ਕ੍ਰਿਆ ਸਿੱਖਦੀ ਹੈ

ਸਿੱਖ ਅਜਿਹੇ ਸਜੀਵ ਸਮਾਜ ਦੀ ਸਥਾਪਨਾ ਲਈ ਇਕ ਨਵਾਂ ਪਾਠ-ਕ੍ਰਮ ਹੈ, ਜੋ ਦਸ ਗੁਰੂਆਂ ਦੇ ਆਦਰਸ਼ਾਂ ਨੂੰ ਜੀਅ ਕੇ, ਕ੍ਰਿਯਾਤਮਕ ਢੰਗ ਨਾਲ ਦਸ ਪਾਠਾਂ ਵਿਚ ਪੜ੍ਹਾਇਆ ਸੀ। ਇਸ ਸਮਾਜ ਦਾ ਹਰ ਜੀਵ ਪਰਿਵਾਰ ਲਈ; ਹਰ ਪਰਿਵਾਰ ਪਰਿਵਾਰ ਦੇ ਅੰਗ ਲਈ: ਅਤੇ ਹਰ ਪਰਿਵਾਰ ਸਮਾਜ ਲਈ; ਹਰ ਸਮਾਜ ਆਪਣੇ ਦੇਸ਼ ਅਤੇ ਆਪਣੇ ਸਮਾਜਿਕਾਂ ਲਈ, ਹਰ ਦੇਸ਼ ਆਪਣੇ ਦੇਸ਼ ਵਾਸੀਆਂ ਅਤੇ ਮਾਨਵਤਾ ਲਈ ਅਤੇ ਸਾਰੀ ਮਾਨਵਤਾ ਮਾਨਵ ਇਕਾਈ ਲਈ ਸੁਖ ਅਤੇ ਸਾਧਨ ਜੁਟਾਣ ਲਈ ਇਕ ਸਾਂਝੀ ਉੱਨਤੀ ਦੇ ਸੰਗਠਨ ਦੀ ਸੰਚਾਲਕ ਇਕਾਈ ਹੋਵੇਗੀ। ਇਹੀ ਉਹ ਸਰਬਤ ਦੇ ਭਲੇ ਦਾ ਆਦਰਸ਼ਕ ਸੰਕਲਪ ਹੈ, ਜਿਸ ਵਿਚ ਹਰ ਸਿੱਖ ਆਪਣੇ ਆਕਲ ਪੁਰਖ ਦੇ ਹਜ਼ੂਰ ਦਿਨ ਵਿਚ ਘੱਟੋ ਘੱਟ ਤਿੰਨ ਵਾਰੀ ਅਰਦਾਸ ਕਰਦਾ ਹੈ।

ਹਵਾਲੇ :


1. ਮੂੰਡਕ ਉਨਿਸ਼ਦ 1/2/7
2. ਹਿੰਦੀ ਅਨੁਸ਼ੀਲਨ, ਇਲਾਹਬਾਦ, ਧੀਰੇਂਦ੍ਰ ਵਰਮਾ ਅੰਕ, ਪੰਨਾ 247-260
3. ਵਰਮਨ, ਸ਼ਿਵ ਬਰਤ ਲਾਲ, ਐੱਮ. ਏ. (ਪੰਜਾਬੀ ਸੂਰਮਾ, ਭਾਗ ਪਹਿਲਾ, ਲਾਹੌਰ 1908 (ਉਰਦੂ) ਸਫਾ 25
4. ਦੁਵੇਦੀ, ਹਜ਼ਾਰੀ ਪ੍ਰਸਾਦ, ਹਿੰਦੀ ਅਨੁਸ਼ੀਲਨ, ਧੀਰੇਂਦ ਵਰਮਾ ਅੰਕ, ਇਲਾਹਾਬਾਦ, ਪੰਨਾ 485


ਪੁਸਤਕ - ਕੀਰਤਨ : ਸੰਦਰਭ ਅਤੇ ਸਰੂਪ ਵਿਚੋਂ

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630



ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼



**ਪਿਛਲੇ ਅੰਕ ਦੀ ਬਾਕੀ (ਅੱਠਵੀਂ ਕੀਸ਼ਤ)**
ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

ਗੁਰਦੁਆਰਾ ਸੈਕਟਰ 22, ਚੰਡੀਗੜ੍ਹ ਵਿਖੇ ਭਾਈ ਗੋਪਾਲ ਸਿੰਘ ਰਾਗੀ ਗ੍ਰੰਥੀ ਸਨ, ਉਹਨਾਂ ਨੂੰ ਜਾ ਕੇ ਮਿਲੇ ਤੇ ਕੀਰਤਨ ਦੀ ਹਾਜ਼ਰੀ ਵਾਸਤੇ ਬੇਨਤੀ ਕੀਤੀ, ਉਹਨਾਂ ਨੇ ਬੜੇ ਪ੍ਰੇਮ ਨਾਲ ਕਿਹਾ, ਆਉ ਭਾਈ ਸਾਹਿਬ ਜੀ, ਅੱਜ ਸ਼ਾਮ ਤੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰੋ। ਭਾਈ ਕਰਮ ਸਿੰਘ ਨੇ ਸ਼ਾਮ ਅਤੇ ਸਵੇਰੇ ਕੀਰਤਨ ਕੀਤਾ।ਸੰਗਤ ਨੇ ਬਹੁਤ ਪਸੰਦ ਕੀਤਾ। ਅਗਲੇ ਦਿਨ ਕੀਰਤਨ ਦੇ ਭੋਗ ਤੋਂ ਬਾਅਦ ਭਾਈ ਗੋਪਾਲ ਸਿੰਘ ਨੇ ਕਿਹਾ ਕਿ ਮੈਂ ਦੋ-ਚਾਰ ਦਿਨ ਛੁੱਟੀ ਤੇ ਜਾਣਾ ਹੈ ਤੇ ਤੁਸੀ ਮੇਰੀ ਥਾਂ ਤੇ ਕੀਰਤਨ ਕਰੋਗੇ, ਤਾਂ ਭਾਈ ਕਰਮ ਸਿੰਘ ਨੇ ਕਿਹਾ ਕਿ ਕਰ ਦਿਆਂਗੇ ਤੇ ਭਾਈ ਕਰਮ ਸਿੰਘ ਚਾਰ ਦਿਨ ਹੋਰ 22 ਸੈਕਟਰ ਗੁਰਦੁਆਰੇ ਕੀਰਤਨ ਕੀਤਾ। ਸੰਗਤਾਂ ਬਹੁਤ ਪ੍ਰਸੰਨ ਹੋਈਆਂ ਓਧਰ ਇਹਨਾਂ ਦਿਨਾਂ ਵਿੱਚ 19 ਸੈਕਟਰ ਗੁਰਦੁਆਰੇ ਦੀ ਨਵੀਂ ਕਮੇਟੀ ਨੇ ਚਾਰਜ ਲੈ ਲਿਆ ਸੀ, ਤੇ ਪਤਾ ਲਗਾ ਕਿ ਗਿਆਨੀ ਕੁਲਦੀਪ ਸਿੰਘ ਸੂਰੀ ਨਵੇਂ ਸਕਤਰ ਬਣੇ ਹਨ, ਤੇ ਸਰਦਾਰ ਮੱਖਣ ਸਿੰਘ ਪ੍ਰਧਾਨ ਬਣੇ ਹਨ ਅਤੇ ਗਿਆਨੀ ਕੁਲਦੀਪ ਸਿੰਘ, ਪ੍ਰੋ: ਮੋਹਨ ਸਿੰਘ ਦੇ ਵਾਕਿਫ ਸਨ ਤੇ ਮੋਹਨ ਸਿੰਘ ਨੇ ਭਾਈ ਕਰਮ ਸਿੰਘ ਨੂੰ ਕਿਹਾ ਕਿ ਚਲੋ ਆਪਾ ਗਿਆਨੀ ਕੁਲਦੀਪ ਸਿੰਘ ਨੂੰ ਮਿਲ ਕੇ ਵਧਾਈ ਦੇ ਕੇ ਆਈਏ, ਤੇ ਇਹ ਜਥੇ ਸਮੇਤ ਤਿੰਨੇ ਹੀ ਗਿਆਨੀ ਕੁਲਦੀਪ ਸਿੰਘ ਦੇ ਘਰ ਚਲੇ ਗਏ। ਗਿ: ਕੁਲਦੀਪ ਸਿੰਘ ਨੇ ਇਹਨਾਂ ਦਾ ਬਹੁਤ ਸਤਿਕਾਰ ਕੀਤਾ। ਗਿ: ਕੁਲਦੀਪ ਸਿੰਘ ਨੇ ਪੁੱਛਿਆ ਕਿ ਚਾਰ-ਪੰਜ ਦਿਨ ਪਹਿਲੇ ਗੁਰਦੁਆਰਾ 19 ਸੈਕਟਰ ਸਵੇਰੇ ਤੁਸੀਂ ਕੀਰਤਨ ਕਰ ਰਹੇ ਸੀ। ਸ: ਮੋਹਨ ਸਿੰਘ ਨੇ ਕਿਹਾ, ਹਾਂ ਅਸੀਂ ਹੀ ਕੀਰਤਨ ਕਰ ਰਹੇ ਸਾਂ। ਗਿ: ਕੁਲਦੀਪ ਸਿੰਘ ਨੇ ਕਿਹਾ, ਯਾਰ ਬਹੁਤ ਪਿਆਰਾ ਕੀਰਤਨ ਸੀ। ਮੈਂ ਤਾਂ ਬਾਹਰੋਂ ਹੀ ਸੁਣਿਆ ਸੀ, ਮੈਨੂੰ ਜਲਦੀ ਸੀ, ਇਸ ਕਰਕੇ ਮੈਂ ਅੰਦਰ ਨਹੀਂ ਆ ਸਕਿਆ। ਗਿ: ਕੁਲਦੀਪ ਸਿੰਘ ਨੇ ਕਿਹਾ ਕਿ ਇਸ ਤਰਾਂ ਕਰੋ ਤੁਸੀਂ ਇਕ ਹਫਤਾ ਹੋਰ ਕੀਰਤਨ ਸੰਗਤਾਂ ਨੂੰ ਸੁਣਾਓ, ਮੈਂ ਤੁਹਾਡੇ ਬਾਰੇ ਇਸ਼ਤਿਹਾਰ ਕਢਵਾ ਦੇਂਦਾ ਹਾਂ। ਭਾਈ ਸਾਹਿਬ ਨੇ ਕਿਹਾ ਕਿ ਅਸੀਂ ਨੰਗਲ ਪ੍ਰੋਗਰਾਮ ਮੰਨਿਆ ਹੋਇਆ ਹੈ ਉਹ ਕਰਕੇ ਫਿਰ ਆ ਕੇ ਕਰਾਂਗੇ। ਗਿ: ਕੁਲਦੀਪ ਸਿੰਘ ਕਹਿਣ ਲਗੇ ਕਿ ਮੈਂ ਉਹਨਾਂ ਨੂੰ ਨੰਗਲ ਫੋਨ ਕਰ ਦੇਂਦਾ ਹਾਂ ਕਿ ਅਸੀਂ ਜਥੇ ਨੂੰ ਇਕ ਹਫਤੇ ਲਈ ਰੋਕ ਲਿਆ ਹੈ। ਭਾਈ ਕਰਮ ਸਿੰਘ ਨੇ ਕਿਹਾ ਕਿ ਨੰਗਲ ਵਾਲਿਆਂ ਨੂੰ ਇਤਲਾਹ ਦੇਣੀ ਤੁਹਾਡੀ ਜ਼ਿੰਮੇਵਾਰੀ ਹੈ। ਗਿ: ਕੁਲਦੀਪ ਸਿੰਘ ਨੇ ਕਿਹਾ ਕਿ ਮੈਂ ਉੱਥੇ ਜ਼ਰੂਰ ਫ਼ੋਨ ਕਰ ਕੇ ਦੱਸ ਦੇਵਾਂਗਾ। ਭਾਈ ਸਾਹਿਬ ਨੇ ਗੁਰਦੁਆਰਾ ਸਿੰਘ ਸਭਾ ਸੈਕਟਰ 19 ਵਿਚ ਇਕ ਹਫਤਾ ਕੀਰਤਨ ਕਰਨ ਦੀ ਪ੍ਰਵਾਨਗੀ ਦੇ ਦਿੱਤੀ।

ਭਾਈ ਕਰਮ ਸਿੰਘ ਦੇ ਜਥੇ ਨੇ ਪੂਰਾ ਇਕ ਹਫ਼ਤਾ ਉੱਥੇ ਕੀਰਤਨ ਕੀਤਾ। ਇਸ ਦਾ ਅਸਰ ਇਹ ਹੋਇਆ ਕਿ ਸੰਗਤ ਨੇ ਆਪ ਜੀ ਦਾ ਕੀਰਤਨ ਬਹੁਤ ਪਸੰਦ ਕੀਤਾ ਅਤੇ ਕਮੇਟੀ ਨੇ ਇਹਨਾਂ ਨੂੰ ਪੁੱਛ ਲਿਆ ਕਿ ਜੇ ਸਭਾ ਤੁਹਾਨੂੰ ਪੱਕੇ ਤੌਰ 'ਤੇ ਰੱਖਣਾ ਚਾਹੁੰਦੇ। ਤੁਸੀ ਡਿਊਟੀ ਕਰੋਗੇ? ਭਾਈ ਸਾਹਿਬ ਨੇ ਕਿਹਾ ਕਿ ਅਸੀਂ ਡਿਊਟੀ ਕਰ ਲਵਾਂਗੇ। ਸੋ ਚੰਡੀਗੜ੍ਹ ਵਿਖੇ ਪ੍ਰੋਗਰਾਮ ਕਰ ਕੇ ਇਹ ਸਾਰੇ ਵਾਪਸ ਆਪੋ ਆਪਣੇ ਘਰਾਂ ਨੂੰ ਆ ਗਏ ਅਤੇ ਭਾਈ ਕਰਮ ਸਿੰਘ ਨੇ ਜੋ ਭਾਈ ਸੰਤੋਖ ਸਿੰਘ ਨਾਲ ਜੋ ਬੜੇ ਔਖੇ ਦਿਨ ਕੱਟੇ ਸਨ, ਉਹਨਾਂ ਦੇ ਫਲੀ ਭੂਤ ਹੋਣ ਦਾ ਸਮਾਂ ਆ ਗਿਆ ਸੀ ਅਤੇ ਮਿਹਨਤ ਦਾ ਫਲ ਮਿਲਣਾ ਸ਼ੁਰੂ ਹੋ ਗਿਆ ਸੀ।

ਚੰਡੀਗੜ੍ਹ ਦੀ ਸਭਾ ਨੇ ਭਾਈ ਕਰਮ ਸਿੰਘ ਨੂੰ ਕਿਹਾ ਕਿ ਸਾਡੇ ਪਾਸ ਹਾਲੇ ਭਾਈ ਸੰਤਾ ਸਿੰਘ ਕੰਵਲ ਜੀ ਕੀਰਤਨ ਦੀ ਸੇਵਾ ਕਰ ਰਹੇ ਹਨ ਪਰ ਸਾਡੀ ਸਭਾ ਜਥਾ ਬਦਲਣਾ ਚਾਹੁੰਦੀ ਹੈ। ਇਸ ਲਈ ਇਹਨਾਂ ਦੇ ਜਾਣ ਤੋਂ ਬਾਅਦ ਅਸੀਂ ਆਪ ਜੀ ਨੂੰ ਬੁਲਾ ਲਵਾਂਗੇ।

ਉਸ ਤੋਂ ਬਾਅਦ ਭਾਈ ਕਰਮ ਸਿੰਘ ਜੀ ਜਥੇ ਸਮੇਤ ਖੰਨੇ ਅਤੇ ਲੁਧਿਆਣੇ ਤੇ ਹੋਰ ਆਸ ਪਾਸੇ ਫ਼ੁੱਟਕਲ ਪ੍ਰੋਗਰਾਮ ਕਰਦੇ ਰਹੇ ਅਤੇ ਉੱਧਰ ਚੰਡੀਗੜ੍ਹ ਤੋਂ ਭਾਈ ਸੰਤਾ ਸਿੰਘ ਕੰਵਲ ਨੌਕਰੀ ਛੱਡ ਕੇ ਚਲੇ ਗਏ। ਉਸ ਤੋਂ ਬਾਅਦ ਸਿੰਘ ਸਭਾ ਚੰਡੀਗੜ੍ਹ ਕਮੇਟੀ ਨੇ ਹੋਰ ਕਈ ਰਾਗੀ ਜਥਿਆਂ ਦੀ ਟਰਾਈਆਂ ਵੀ ਲਈਆਂ ਪਰ ਕਿਸੇ ਵੀ ਰਾਗੀ ਜਥੇ ਦੀ ਗੱਲਬਾਤ ਸਿਰੇ ਨਹੀਂ ਚੜ੍ਹੀ ਤੇ ਟਰਾਈ ਦੇਣ ਵਾਲੇ ਰਾਗੀਆਂ ਵਿਚ ਮਸ਼ਹੂਰ ਰਾਗੀ ਭਾਈ ਬਖ਼ਸ਼ੀਬ ਸਿੰਘ ਵੀ ਸਨ। ਭਾਈ ਕ੍ਰਿਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ ਵਾਲੇ ਵੀ ਸਨ ਅਤੇ ਜਦੋਂ ਭਾਈ ਕ੍ਰਿਪਾਲ ਸਿੰਘ ਜੀ ਨੇ ਟਰਾਈ ਦਿੱਤੀ ਤਾਂ ਇੰਟਰਵਿਊ ਵਿਚ ਪ੍ਰਬੰਧਕਾਂ ਨੇ ਭਾਈ ਕ੍ਰਿਪਾਲ ਸਿੰਘ ਨੂੰ ਪੁੱਛਿਆ ਕਿ ਤੁਹਾਡੇ ਨਾਲ ਸਾਥੀ ਕਿਹੜੇ ਹੋਣਗੇ ਤਾਂ ਭਾਈ ਕ੍ਰਿਪਾਲ ਸਿੰਘ ਨੇ ਕਿਹਾ ਕਿ ਵਾਜੇ 'ਤੇ ਭਾਈ ਕਰਮ ਸਿੰਘ ਹੋਣਗੇ ਅਤੇ ਤਬਲੇ 'ਤੇ ਪ੍ਰੋ: ਮੋਹਨ ਸਿੰਘ ਹੋਣਗੇ। ਇਹ ਗੱਲ ਸੁਣ ਕੇ ਗਿ: ਕੁਲਦੀਪ ਸਿੰਘ ਸਕੱਤਰ ਨੇ ਭਾਈ ਕ੍ਰਿਪਾਲ ਸਿੰਘ ਨੂੰ ਕਿਹਾ ਕਿ ਅਗਰ ਭਾਈ ਕਰਮ ਸਿੰਘ ਤੁਹਾਡੇ ਨਾਲ ਵਾਜੇ 'ਤੇ ਆ ਜਾਣ ਤਾਂ ਅਸੀ਼ ਤੁਹਾਨੂੰ ਪੱਕਾ ਹੈ ਰੱਖ ਲਵਾਂਗੇ। ਪਰ ਮੈਨੂੰ ਪੱਕਾ ਪਤਾ ਹੈ ਕਿ ਭਾਈ ਕਰਮ ਸਿੰਘ ਤੁਹਾਡੇ ਨਾਲ ਨਹੀਂ ਆਵੇਗਾ। ਭਾਈ ਕ੍ਰਿਪਾਲ ਸਿੰਘ ਨੇ ਕਿਹਾ, ਉਹ ਮੇਰਾ ਸ਼ਾਗਿਰਦ ਹੈ ਮੇਰੇ ਨਾਲ ਕਿਉਂ ਨਹੀਂ ਆਵੇਗਾ। ਗਿ: ਕੁਲਦੀਪ ਸਿੰਘ ਨੇ ਕਿਹਾ ਭਾਈ ਕਰਮ ਸਿੰਘ ਇਸ ਸਟੇਜ ਤੇ ਕੀਰਤਨ ਕਰ ਕੇ ਆਪਣਾ ਚੰਗਾ ਪ੍ਰਭਾਵ ਪਾ ਕੇ ਗਿਆ ਹੈ। ਪੂਰਾ ਇੱਕ ਹਫਤਾ ਕੀਰਤਨ ਕਰ ਕੇ ਗਿਆ ਹੈ ਅਤੇ ਉਸ ਦੇ ਗਾਏ ਹੋਏ ਸ਼ਬਦ ਇਸ ਤਰਾਂ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਹਨ ਜਿਸ ਤਰਾਂ ਫ਼ਿਲਮੀ ਗਾਣੇ ਲੋਕਾਂ ਦੀ ਜ਼ਬਾਨ 'ਤੇ ਚੜ੍ਹ ਜਾਂਦੇ ਹਨ। ਇਸ ਲਈ ਮੈਂ ਕਹਿ ਰਿਹਾ ਹਾਂ ਕਿ ਭਾਈ ਕਰਮ ਸਿੰਘ ਤੁਹਾਡੇ ਨਾਲ ਵਾਜੇ ਤੇ ਨਹੀਂ ਆਵੇਗਾ। ਹਾਂ ਅਗਰ ਉਹ ਆ ਜਾਏ ਤਾਂ ਅਸੀਂ ਤੁਹਾਨੂੰ ਸਟੇਜ ਸੌਂਪ ਦੇਵਾਂਗੇ।

ਇਸ ਨੂੰ ਕਹਿੰਦੇ ਹਨ ਕੰਮ ਦਾ ਪ੍ਰਭਾਵ ਜੋ ਲੋਕਾਂ ਦੀ ਜ਼ਬਾਨ 'ਤੇ ਚੜ੍ਹ ਕੇ ਬੋਲੇ। ਭਾਈ ਕ੍ਰਿਪਾਲ ਸਿੰਘ ਜੀ ਦੀ ਵੀ ਗੱਲ ਸਿਰੇ ਨਹੀਂ ਚੜ੍ਹੀ। ਜਦੋਂ ਕਿਸੇ ਵੀ ਰਾਗੀ ਨਾਲ ਪ੍ਰਬੰਧਕਾਂ ਦੀ ਗੱਲਬਾਤ ਸਿਰੇ ਨਾ ਚੜ੍ਹੀ ਤਾਂ ਫਿਰ ਪ੍ਰਬੰਧਕਾਂ ਨੂੰ ਭਾਈ ਕਰਮ ਸਿੰਘ ਦਾ ਖ਼ਿਆਲ ਆਇਆ ਕਿ ਭਾਈ ਕਰਮ ਸਿੰਘ ਨੂੰ ਬੁਲਾਇਆ ਜਾਵੇ। ਪਰ ਕਿਸੇ ਨੂੰ ਵੀ ਪਤਾ ਨਹੀਂ ਕਿ ਕਰਮ ਸਿੰਘ ਕਿੱਥੇ ਹੈ? ਗਿ: ਕੁਲਦੀਪ ਸਿੰਘ ਸਕੱਤਰ ਨੂੰ ਪ੍ਰੋ: ਮੋਹਨ ਸਿੰਘ ਤਾ ਪਤਾ ਸੀ ਕਿ ਉਹ ਪਟਿਆਲੇ ਪੰਜਾਬੀ ਯੂਨੀਵਰਸਟੀ ਵਿਚ ਹੈ, ਤਾਂ ਪ੍ਰਬੰਧਕਾਂ ਨੇ ਪ੍ਰੋਗਰਾਮ ਬਣਾ ਕੇ ਸ: ਮੱਖਣ ਸਿੰਘ ਪ੍ਰਧਾਨ ਦੀ ਕਾਰ ਵਿਚ ਸ:ਮੱਖਣ ਸਿੰਘ ਪ੍ਰਧਾਨ ਗਿ: ਕੁਲਦੀਪ ਸਿੰਘ ਸਕੱਤਰ, ਇਹ ਦੋਵੇਂ ਸੱਜਣ ਪਟਿਆਲੇ ਪੰਜਾਬੀ ਯੂਨੀਵਰਸਟੀ, ਪ੍ਰੋਫੈਸਰ ਮੋਹਨ ਸਿੰਘ ਦੇ ਪਾਸ ਪਹੁੰਚੇ ਤੇ ਉਸ ਨੇ ਪੁੱਛਿਆ ਕਿ ਭਾਈ ਕਰਮ

ਸਿੰਘ ਜੀ ਕਿੱਥੇ ਹਨ? ਉਸ ਨੇ ਦੱਸਿਆ ਉਹ ਤਾਂ ਆਪਣੇ ਪਿੰਡ ਸਲੇਮਪੁਰ ਹੋਵੇਗਾ। ਪ੍ਰਬੰਧਕਾਂ ਨੇ ਮੋਹਨ ਸਿੰਘ ਨੂੰ ਕਿਹਾ ਤੂੰ ਸਾਡੇ ਨਾਲ ਉਹਨਾਂ ਦੇ ਪਿੰਡ ਨਾਲ ਚਲ ਤੇ ਮੋਹਨ ਸਿੰਘ ਨੂੰ ਕਾਰ ਵਿਚ ਬਿਠਾ ਕੇ, ਭਾਈ ਕਰਮ ਸਿੰਘ ਦੇ ਪਿੰਡ ਸਲੇਮਪੁਰ ਸ਼ੇਖਾਂ ਵਿਖੇ ਭਾਈ ਸਾਹਿਬ ਦੇ ਪਹੁੰਚ ਗਏ। ਭਾ: ਕਰਮ ਸਿੰਘ ਉਸ ਵੇਲੇ ਘਰ ਨਹੀਂ ਸਨ। ਉਹਨਾਂ ਦੇ ਪਿਤਾ ਜੀ ਗਿ: ਰਣਜੀਤ ਸਿੰਘ ਜੀ ਘਰ ਸਨ। ਪਿਤਾ ਜੀ, ਮਾਤਾ ਜੀ ਅਤੇ ਪ੍ਰਵਾਰ ਨੇ ਉਹਨਾਂ ਦੀ ਆਓ ਭਗਤ ਕੀਤੀ ਤੇ ਫਿਰ ਉਹਨਾਂ ਦੇ ਆਉਣ ਦਾ ਕਾਰਨ ਪੁੱਛਿਆ। ਗਿ: ਕੁਲਦੀਪ ਸਿੰਘ ਨੇ ਪੁੱਛਿਆ, ਭਾਈ ਕਰਮ ਸਿੰਘ ਕਿੱਥੇ ਹੈ? ਪਹਿਲੇ ਤਾਂ ਪਿਤਾ ਜੀ ਡਰ ਗਏ ਕਿ ਪਤਾ ਨਹੀਂ ਇਤਨੇ ਬੰਦੇ ਕਿਉਂ ਪੁੱਛ ਰਹੇ ਹਨ। ਪ੍ਰੋਫੈਸਰ ਮੋਹਨ ਸਿੰਘ ਨੇ ਦੱਸਿਆ ਕਿ ਪਿਤਾ ਜੀ ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਚੰਡੀਗੜ੍ਹ ਸਿੰਘ ਸਭਾ ਦੀ ਕਮੇਟੀ, ਭਾਈ ਕਰਮ ਸਿੰਘ ਨੂੰ ਕੀਰਤਨ ਵਾਸਤੇ ਰੱਖਣ ਲਈ ਆਪ ਚਲ ਕੇ ਲੈਣ ਆਈ ਹੈ। ਇਸ ਤੋਂ ਵੱਡਾ ਸਤਿਕਾਰ ਭਾ:ਕਰਮ ਸਿੰਘ ਦਾ ਹੋਰ ਕੀ ਹੋ ਸਕਦਾ ਹੈ। ਅੱਜ ਤਕ ਇਹ ਸਨਮਾਨ ਹੋਰ ਕਿਸੇ ਵੀ ਰਾਗੀ ਨੂੰ ਨਹੀਂ ਮਿਲਿਆ। ਗਿ: ਰਣਜੀਤ ਸਿੰਘ ਨੇ ਦੱਸਿਆ ਕਿ ਕਰਮ ਸਿੰਘ ਤਾਂ ਅੰਬਾਲੇ ਗਿਆ ਹੋਇਆ ਹੈ। ਕੋਈ ਨੌਕਰੀ ਲੱਭਣ ਵਾਸਤੇ। ਗਿ: ਕੁਲਦੀਪ ਸਿੰਘ ਜੀ ਨੇ ਕਿਹਾ ਕਿ ਭਾਈ ਕਰਮ ਸਿੰਘ ਜੀ ਨੂੰ ਰੱਖਣ ਲਈ ਕਮੇਟੀ ਨੇ ਫੈਸਲਾ ਕਰ ਲਿਆ ਹੈ। ਉਸ ਦੀ ਤਨਖਾਹ ਅਸੀਂ ਅੱਜ ਤੋਂ ਹੀ ਚਾਲੂ ਕਰ ਦਿੱਤੀ ਹੈ। ਤੁਸੀਂ ਉਸ ਨੂੰ ਕਹਿਣਾ ਕਿ ਕੱਲ੍ਹ ਨੂੰ ਆਪਣਾ ਰਾਗੀ ਜਥਾ ਲੈ ਕੇ ਚੰਡੀਗੜ੍ਹ ਸਿੰਘ ਸਭਾ, ਸੈਕਟਰ 19 ਡੀ ਪਹੁੰਚ ਜਾਣ। ਪਿਤਾ ਜੀ ਨੇ ਮੋਹਨ ਸਿੰਘ ਨੂੰ ਕਿਹਾ ਕਿ ਇਸ ਵੇਲੇ ਹੋਰ ਤਾਂ ਕੋਈ ਸਾਥੀ ਹੈ ਨਹੀਂ ਉਹਦੇ ਨਾਲ, ਸੋ ਤੁਸੀਂ ਤਬਲੇ 'ਤੇ ਸਾਥ ਦੇਣ ਲਈ ਚੰਡੀਗੜ੍ਹ ਪਹੁੰਚ ਜਾਣ। ਵਾਜੇ 'ਤੇ ਮੈਂ ਆ ਜਾਵਾਂਗਾ। ਮੋਹਨ ਸਿੰਘ ਨੇ ਕਿਹਾ ਕਿ ਮੈ ਆ ਜਾਵਾਂਗਾ।

ਜਿਸ ਵੇਲੇ ਮੈਂ ਅੰਬਾਲਾ ਕੈਂਟ ਤੋਂ ਸੀ ਘਰ ਆਇਆ
ਸਨੇਹਾ ਮੈਨੂੰ ਖੁਸ਼ੀ ਵਾਲਾ ਪਿਤਾ ਨੇ ਸੁਣਾ ਦਿਤਾ
ਸਿੰਘ ਸਭਾ ਚੰਡੀਗੜ੍ਹ ਤੋਂ, ਕਮੇਟੀ ਤੈਨੂੰ ਲੈਣ ਆਈ,
ਤੈਨੂੰ ਪੱਕਾ ਰੱਖਣ ਲਈ ਸੱਦਾ ਉਹਨਾਂ ਆ ਦਿਤਾ
ਜਥਾ ਆਪਣਾ ਬਨਾਣ ਲਈ, ਭਾਗ ਤੇਰੇ ਖੁਲ ਗਏ
ਸਤਗੁਰੂ ਮੇਹਰ ਕਰ ਸਮਾਂ ਇਹ ਬਣਾ ਦਿਤਾ
ਖ਼ੁਸ਼ੀ ਦੀ ਖ਼ਬਰ ਸੁਣ, ਫਿਰ ਗਿਆ ਗੁਰਦੁਆਰੇ ਤੈਂ
ਧੰਨਵਾਦ ਕੀਤਾ ਗੁਰੂ ਦਾ ਮੈਂ, ਜਿਨ ਭਾਗ ਮੇਰੇ ਖੋਹਲ ਦਿਤਾ
ਨਵੰਬਰ ਦੀ ਅਠਾਰਾਂ ਤ੍ਰੀਕ, 1970 ਉਨੀ ਸੌ ਸਤਰ ਵਿਚ
ਕਮੇਟੀ ਚੰਡੀਗੜ੍ਹ ਦੀ ਤਾਂ ਮੈਨੂੰ ਲੈਣ ਆਈ ਸੀ
ਤੇ 19 ਤ੍ਰੀਕ ਨਵੰਬਰ ਦੀ ਮੈਂ ਪਹੁੰਚ ਗਿਆ ਜਥਾ ਲੈ ਕੇ,
ਜਥਾ ਸਾਡਾ ਵੇਖ ਸਭਾ ਖ਼ੁਸ਼ੀ ਵੀ ਮਨਾਈ ਸੀ
ਵੀਹ 20 ਤ੍ਰੀਕ ਨਵੰਬਰ ਦੀ ਪਹਿਲਾ ਕੀਰਤਨ ਕੀਤਾ ਅਸੀਂ
ਸੰਗਤ ਪਹਿਲੇ ਦਿਨ ਹੁੰਮ ਹੁੰਮਾ ਕੇ ਤੇ ਆਈ ਸੀ
ਡਿਊਟੀ ਦੀ ਗਲ ਫਿਰ ਸਭਾ ਨਾਲ ਹੋਈ ਸਾਰੀ
750 ਸਤ ਤੋਂ ਪੰਜਾਹ ਰੁਪਏ ਤਨਖਾਹ ਸਾਡੀ ਲਾਈ ਸੀ (ਚੱਲਦਾ)

**42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸ਼ਨ,**
**ਨਵੀਂ ਦਿੱਲੀ 110041, ਮੋਬਾ : 09968231247**

# संगीत और गणित

डॉ. सरबजीत सिंह

यह विचार कि संगीत सिखाना गणित कि क्षमता को बढावा देता है। अपने आप में बहुत ही नवीन और रोमांचक विचार है। संगीत से अनभिज्ञ व्यक्ति के लिए संगीत और गणित में भले ही कोई समानताएं नजर न आती हों , परन्तु शास्त्रीय संगीत गणित के कौशल को समान्य से सर्वोत्तम बनाने में एक महत्त्वपूर्ण भूमिका अदा की है।

संगीत और गणित में सम्बन्ध ग्रीक दार्शनिक द्वारा बनाया गया था। पेथागोरस के अनुसार संगीत और गणित एक ही सिक्के के पहलु हैं। शोध के अनुसार इसी विषय में न्युरोसाइंस से हमें यह ज्ञात होता है, कि गणित और संगीत के सम्बन्ध के अतिरिक्त संगीत हमारी अधिगम विकास में भी बहुत महत्वपूर्ण भूमिका निभाता है। संगीत और गणित के तथ्यों में अंतर्सबंध दिखायी पडता है। जैसे अर्थिमेटिक पेट्रन, फार्मूला आदि। संगीत के सिद्धान्तों को समझाने के लिए, प्राचीन समय से ही हमारे आचार्य व पण्डित, गणित का ही सहारा लेते आ रहे हैं। आधुनिक विज्ञान भी पूर्ण रूप से गणित आधारित है। समय के साथ साथ विज्ञान का विकास हुआ है और विज्ञान के साथ गणित का भी उतना ही विकास हुआ है। व्यवहारिक रूप से सप्तक के 7 स्वर, श्रुति शृंखला की 22 श्रुतियां, संवादी स्वर का 13 व 9 श्रुतियां, आवृति व तार की लम्बाई, ताल व ठेके की मात्राओं के हिसाब आदि के आंकड़े – ये सभी प्रसंग संगीत का गणित ही तो हैं। संगीत की आत्मा मूल रूप से ध्वनि है, जो भौतिकविज्ञान का एक अंग है। संगीत के चिंतन में विज्ञान स्वतः आ जाता है। भौतिक विज्ञान पूर्णरूप से गणित आधारित है। इसलिए संगीत का विषय, गणित से अछूता नहीं रह सकता है। इसी तरह संगीत में गायन वादन में व्यवहार कि सुविधा और रंजकता को ध्यान में रखते हुए शास्त्रकारों ने 22 श्रुतियों में से निश्चित अंतर पर सात श्रुतियों को चुना और उन्हें स्वर कि संज्ञा दी गयी, जो 22 श्रुतियों का स्वर विभाजन कहलाता है, लय के प्रकार, विभिन्न मात्राओं कि विभिन्न तालें, रागों का वर्गीकरण , थाटों कि रचना विज्ञानिक और गणित के आधार पर ही है। दक्षिण संगीत पद्दति के विद्वान लेखक पंडित व्यंकटमखी जी ने थाटों कि संख्या निर्धारित करने के लिए गणित का सहारा लिया और पूर्ण रूप से हिसाब लगाकर थाटों कि कुल संख्या 72 बताई। भरत मुनि कि सारणा चतुष्टय जैसी विधि कि ओट में गणित भरा पडा है। मध्यकाल में कुछ लेखकों ने वीणा कि तार की लम्बाई द्वारा स्वरों को स्थापित करने का प्रयास किया था। इनमें से पंडित अहोबल, पंडित हृदय

नारायण देव का हृदय प्रकाश, पंडित श्री निवास का राग तत्त्व विबोध उल्लेखनीय है।

तानपुरे के सहायक नाद मूल नाद से दुगने, तिगुने, चौगुन आदि क्रम से उत्पन्न होतें हैं और मूल नाद कि आंदोलन संख्या को 2,3,4,5 आदि से गुना करने पर ही उनकी आंदोलन संख्या का पता चलता है। वीणा के तार पर श्री निवास जी का प्रयोग गणित और संगीत का सम्बन्ध स्थापित करता है। भारतीय शास्त्रीय संगीत मस्तिष्क को बहुत सारी गणित सम्बन्धी क्रियाओं से रुबुरु कराता है। जिस से हमारा मस्तिष्क अपने आप ही गणित का सहारा लेते हुए संगीत रचनाएँ करने लगता है जैसे गायन, वादन करने पर विभिन्न लयों का प्रयोग करना, तानों का प्रयोग, ताल को ध्यान रखते हुए तिहाइयों के सुन्दर प्रयोग से गायन और वादन को सजाना गणित कि सहायता से ही होता है। संगीत के प्रत्येक कलाकार की प्रस्तुति से पहले, तानपुरा पर अपना आधार स्वर स्थापित करना होता है। इसी आधार पर स्वर को षडज/स या मूल स्वर मानकर, गले द्वारा अन्य स्वरों का सही उच्चारण किया जाता है। इसी मूल स्वर को आधार मानते हुए अन्य सह कलाकार कार्यक्रम के लिए तैयार तथा एक सूत्र में बंध जाते हैं। इस अवधि के अंतर्गत  तानपुरे का स्वर यदि उतर जाये या विचलित पाया जाता है तो उसे दुबारा ठीक किया जाता है। इस समय गायक और वादक इस बात से अनजान होता है कि वह गणित का सहारा ले रहा है। इन्ही तथ्यों को बढावा देने के लिए संगीत शिक्षा प्रतिभाशाली बच्चों व सबके लिए होनी चाहिए। बच्चों में बचपन से ही संगीत शिक्षा एक सफल शिक्षा है जिसे बच्चे आसानी से ग्रहण कर लेते हैं तथा यह बच्चों कि क्षमता को विकसित करता है। आज संगीत ने बहुत से शिष्यों को गणित कौशल को सुधारने की उम्मीद जगाई है, क्योंकि इसका प्रभाव ही मस्तिष्क में गणित कौशल को तेजी से ग्रहण करने कि शक्ति को प्रभावित करता है। बचपन में विधार्थियों को गणित के टेबल याद करने में बहुत ही मुश्किल आती हैं जिसके कारण उसकी याद करने की क्षमता का पूरा विकास नही हो पाता और दिमाग का वह भाग जो मेमोरी को अपने पास इकट्ठा करता है सक्रिय नहीं हो पाता। संगीत के सहारे से इस समस्या को बहुत ही आसानी से सुलझाया जा सका है। अगर वही टेबल गाकर याद कराए जाएँ तो विधार्थी का दिमाग उसे जल्दी ही याद करने के लिए समर्थ हो जाता है। यह भी एक पेटर्न की  भांति बन जाता है जैसे कि गणित के फोर्मुला, पेटर्न आदि होतें हैं। इस विधि से दिमाग सुचना को जल्दी ही एकत्रित कर पाने में सक्षम हो जाता है। धीरे–धीरे विधार्थी इस विधि के अभ्यास से परिचित हो जाता है और सक्रिय अवस्था में चला जाता है। इतना ही नहीं गाने से बच्चों में एकरूपता कि भावना का संचार होता है जिससे वह अन्य लोगों से तालमेल बना लेता है। आगे चल कर संगीत कला के द्वारा सीखा गया तालमेल जीवन के हर क्षेत्र में काम आता है जिससे विधार्थी हर परिस्तिथियों से आसानी से निपट सकता है। संगीत कला के प्रभाव से गणित के कौशल में भी सक्रिय हो जाता है। अतः संगीत एक सकारात्मक शक्ति तथा उम्मीद की किरण है, जिसमें गणित के साथ अनूठा सम्बन्ध स्थापित किया है ।

**Lecturer In Music,537-I Model Town , Karnal**

# ਰਾਗ ਬਸੰਤ : ਡਾ. ਨਰਿੰਦਰ ਕੌਰ

ਥਾਟ -ਬਿਲਾਵਲ, ਜਾਤੀ -ਔਡਵ ਸੰਪੂਰਨ (ਅਰੋਹ ਵਿਚ ਰਿਸ਼ਭ ਤੇ ਪੰਚਮ ਵਰਜਿਤ), ਵਾਦੀ-ਸੰਵਾਦੀ - ਸ਼ਡਜ-ਮਧਿਅਮ, ਸਮਾਂ -ਦਿਨ ਦਾ ਦੂਜਾ ਪਹਿਰ ਅਤੇ ਬਸੰਤ ਰੁਤ ਵਿਚ ਹਰ ਸਮੇਂ

ਅਰੋਹ-ਸ ਗ ਮ, ਧ ਨੀ ਸਂ , ਅਵਰੋਹ- ਸਂ ਨੀ ਧ ਮ,ਗ ਰੇ ਸ , ਪਕੜ- ਗ ਮ ਧ ਨੀ ਸਂ, ਸਂ ਨੀ ਧ ਪ ਮ, ਗ ਰੇ ਸ ।

ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | | | ਨੀ | ਸਂ |
| | | | | | | | | | | | | | | ਸੁ | ਇ |
| ਧ | ਧ | – | – | ਮ | – | ਪ | ਮ | ਗ | – | – | ਗ | ਮ | ਨੀਧ | – | ਨੀ |
| ਨੇ | ਕਾ | S | S | S | S | ਚਉਁ | S | ਕਾ | S | S | ਕੰ | S | ਚ | S | ਨ |
| ਸਂ | – | – | – | – | – | ਨੀ | – | ਸਂ | – | – | – | – | – | ਧ਼ | ਨ਼ੀ |
| ਕੁਆ | S | S | S | S | S | S | S | ਰ | S | S | S | S | S | ਰੂ | S |
| ਸ | ਮ | ਮ | ਮ | – | – | ਪ | ਮ | ਗ | – | – | ਗ | ਗ | ਮ | ਧ | ਨੀ |
| ਪੇ | S | ਕੀ | ਆ | S | S | ਕਾ | S | ਰਾ | S | S | ਬ | ਹੁ | ਤ | ਬਿ | ਸ |
| ਸਂ | – | – | – | – | – | ਨੀ | – | ਸਂ | – | – | – | – | – | | |
| ਥਾ | S | S | S | S | S | S | S | ਰ | S | S | S | S | S | | |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਗ | ਮ | ਧ | – | ਨੀ |
| | | | | | | | | | | | ਗਂ | S | ਗਾ | S | ਕਾ |
| ਸਂ | ਸਂ | – | – | – | – | ਨੀ | – | ਸਂ | – | – | ਨੀ | ਨੀ | – | ਨੀ | ਸਂ |
| ਓ | ਦ | S | S | S | S | S | S | ਕ | S | S | ਕ | ਰੰ | S | ਤੇ | ਕੀ |
| ਧ | – | – | – | – | – | ਮ | – | ਪ | ਮ | ਗ | – | ਨੀ | ਨੀ | ਨੀ | ਸਂ |
| ਆ | S | S | S | S | S | S | S | ਗ | S | S | S | ਗੁ | ਰੁ | ੜਾ | S |
| ਧ | – | – | ਮ | ਪ | – | ਮ | – | ਗ | – | – | – | ਗ | ਮ | ਧ | ਨੀ |
| ਖਾ | S | S | S | ਣਾ | S | S | S | S | S | S | S | ਦੁ | ਧ | ਸਿ | ਉ |
| ਸਂ | – | – | – | – | – | ਨੀ | – | ਸਂ | – | – | – | ਧ | ਨੀ | ਸਂ | ਗਂ |
| ਗਾ | S | S | S | S | S | S | S | ਡਿ | S | S | S | ਰੇ | S | ਮ | ਨ |
| ਰੇਂ | – | – | – | ਸਂ | – | – | – | – | – | ਨੀ | ਨੀ | ਨੀ | – | ਨੀ | ਸਂ |
| ਲੇ | S | S | S | ਖੈ | S | S | S | S | S | ਕ | ਬ | ਹੂ | S | ਨ | S |
| ਧ | – | – | ਮ | ਪ | ਮ | ਗ | – | – | – | – | – | ਨੀ | – | ਨੀ | ਸਂ |
| ਪਾ | S | S | S | ਇ | S | S | S | S | S | S | S | ਜਾ | S | ਮ | ਨ |
| ਧ | – | – | ਮ | ਪ | – | ਮ | – | ਗ | – | – | – | ਗ | ਮ | ਧ | ਨੀ |
| ਭੀ | S | S | S | ਜੈ | S | S | S | S | S | S | S | ਸਾ | S | S | ਚ |
| ਸਂ | – | – | – | – | – | ਨੀ | – | ਸਂ | – | – | – | – | – | | |
| ਨਾ | S | S | S | S | S | S | S | ਇ | S | S | S | S | S | | |

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥ ਦਸ ਅਠ ਲੀਖੇ ਹੋਵਹਿ ਪਾਸਿ ॥ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥ਵਰਤ ਨੇਮ ਕਰੇ ਦਿਨ ਰਾਤਿ ॥੨॥ ਕਾਜੀ ਮੁਲਾਂ ਹੋਵਹਿ ਸੇਖ ॥ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥

The kitchen is golden, and the cooking pots are golden. The lines marking the cooking square are silver. The water is from the Ganges, and the firewood is sanctified. The food is soft rice, cooked in milk. ||1|| O my mind, these things are worthless, if you are not drenched with the True Name. ||1||Pause|| One may have the eighteen Puraanas written in his own hand; he may recite the four Vedas by heart, and take ritual baths at holy festivals and give charitable donations; he may observe the ritual fasts, and perform religious ceremonies day and night. ||2|| He may be a Qazi, a Mullah or a Shaykh, a Yogi or a wandering hermit wearing saffron-colored robes; he may be a householder, working at his job; but without understanding the essence of devotional worship, all people are eventually bound and gagged, and driven along by the Messenger of Death. ||3|| Each person's karma is written on his forehead. According to their deeds, they shall be judged. Only the foolish and the ignorant issue commands. O Nanak, the treasure of praise belongs to the True Lord alone. ||4||3||

**Assistant Professor in Music (Vocal), RRMK Arya Mahila Mahavidyalaya, Pathankot, Punjab**

Postal Regd. No. CH/0045/2015-2017 RNI Regd. No. 46788/89 ISSN 0972-2335

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥

saachae saahibaa kiaa naahee ghar thaerai

साचे साहिबा किआ नाही घरि तेरै ।

O my True Lord and Master, what is there which is not in Your celestial home?

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥

ghar th thaerai subh kish hai jis dhaehi s paaveae

घरि त तेरै सभु किछु है जिसु देहि सु पावए ।

Everything is in Your home; they receive, unto whom You give.

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥

sudhaa sifath sulaah thaeree naam man vusaaveae

सदा सिफति सलाह तेरी नामु मनि वसावए ।

Constantly singing Your Praises and Glories, Your Name is enshrined in the mind.

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥

naam jin kai man vasiaa vaajae subudh ghunaerae

नामु जिन कै मनि वसिआ वाजे सबद घनेरे ।

The divine melody of the Shabad vibrates for those, within whose minds the Naam abides.

ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥

kehai naanuk suchae saahib kiaa naahee ghar thaerai

कहै नानकु सचे साहिब किआ नाही घरि तेरै ।३।

Says Nanak, O my True Lord and Master, what is there which is not in Your home? ||3||

---

**ਅਹੂਜਾ ਪਰਿਵਾਰ ਵੱਲੋਂ**

**ਨਵਾਂ ਸਾਲ 2016**

# ਮੁਬਾਰਕ

**C-353, DEFENCE COLONY NEW DELHI 110 024**

ਹਰਿ ਜਨ ਰਾਖੇ ਗੁਰ ਗੋਵਿੰਦ ॥

har jun raakhae gur govindh

हरि जन राखे गुर गोविंद ।

The Guru, the Lord of the Universe, has saved the Lord's humbl

ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰ

kunth laae avugun sabh maettae dhaeiaal purukh bukhusu

कंठि लाइ अवगुण सभि मेटे दइआल पुरख बखसंद

Hugging me close in His embrace, the merciful, forgiving Lord has erased a

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

jo maagehi thaakur apunae thae soee soee dhaevai

जो मागहि ठाकुर अपुने ते सोई सोई देवै

Whatever I ask for from my Lord and Master, he gives that t

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪

naanuk dhaas mukh thae jo bolai eehaa oohaa such hov

नानक दासु मुख ते जो बोलै ईहा ऊहा सचु होवै ।

Whatever the Lord's slave Nanak utters with his mouth, proves to be true,
||2||14||45||

**AMRIT KIRTAN TRUST**

# 422, Sector 15-A, Chandigarh, Tel. 0172-2772660, Cell: 981
Website: http://amritkirtan.com

## MUSIC, RAGS AND RAGINIS

Dr. Jaskiran Kaur

As already stated music influences not only men but also beasts and t been said that poetry is music in words. Therefore in poetry, if it is to influe is essential to prosody. This is in abundance in the poetry of the *Dasam Gra*

In addition, in the Dasam Granth we come across metres like Sangit Ch Naraj, Sangit Padhisataka, Sangit Padhari, Sangit Bahra, Sangit Bhuja Sangit Madubhar. All these metrical verses which are sung with the aid with due regards for rhythm and beat have the prefix Sangit before their na

There are some other metres without the prefix Sangit like Trirka, Trin- also are intended to produce martial music by imitating the sounds of weap musical instruments. In these the same rhyme is often continued in all the l for producing the same effect. In connection with war narratives he has musical sounds, after those found in the Apbhransh period, to work up fury to show the quick and hectic speed of the battle with the bear of d instruments and to depict indiscriminate destruction in war. Here the p words showing the sounds of mridang, etc. to a new purpose in the real which otherwise have no meanings but which in the context in which they lend special significance and help in the better relishing of the rasa. In t poet has correctly made the metre subservient to the emotion, changin mood and situation. He has thus shown his keen love for music.

There is another type of muscial compositions. They consist of Sha